SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9



The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar



ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com



Vol: 8 No: 179 Website : www.punjabiakhbaar.ca Email: editor@punjabiakhbaar.ca Friday, 3 September 2021


## ਦਿਨ ਵੋਟਾਂ ਦੇ ਦਿਨ ਵਾਅਦਿਆਂ ਦੇ, ਦੇਖੋ ਕੌਣ ਕੀ ਵੰਡ ਰਿਹਾ ਹੈ ?



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਐਨਡੀਪੀ ਵੱਲੋਂ ਵੱਡੀਆਂ ਕੌਰਪੋਰੇਸ਼ਨਾਂ ਅਤੇ ਅਮੀਰਾਂ 'ਤੇ ਵੱਧ ਟੈਕਸ ਲਾਉਣ ਦੇ ਐਲਾਨ ਨੂੰ ਆਪਣੇ ਪਲੈਟਫੌਰਮ ਵਿੱਚ ਸ਼ਾਮਿਲ ਕਰਦਿਆਂ ਲਿਬਰਲਾਂ ਨੇ ਵੀ ਕਹਿ ਦਿੱਤਾ ਹੈ ਕਿ ਜੇ ਉਹਨਾਂ ਦੀ ਪਾਰਟੀ ਸਰਕਾਰ ਬਣਾਉਂਦੀ ਹੈ ਤਾਂ ਵੱਡੇ ਬੈਂਕਾਂ, ਕੌਰਪੋਰੇਸ਼ਨਾਂ ਅਤੇ 1 ਬਿਲੀਅਨ ਡਾਲਰ ਤੋਂ ਵੱਧ ਕਮਾਈ ਕਰਨ ਵਾਲੀਆਂ ਇੰਸ਼ੋਰੈਂਸ ਕੰਪਨੀਆਂ ਉੱਪਰ ਵਾਧੂ ਟੈਕਸ ਲਗਾਇਆ ਜਾਵੇਗਾ। ਇਸ ਤੋਂ ਪਹਿਲਾਂ ਲਿਬਰਲ ਫੈਡਰਲ ਕੰਜ਼ਰਵੇਟਿਵ ਪਾਰਟੀ ਦਾ ਹਾਊਜ਼ਿੰਗ ਡੈਕਲਾਰੇਸ਼ਨ ਆਪਣੇ ਪਲੈਟਫੌਰਮ ਵਿੱਚ ਸ਼ਾਮਿਲ ਕਰ ਚੁੱਕੇ ਹਨ। ਐਨਡੀਪੀ ਨੇ ਕੌਰਪੋਰੇਸ਼ਨਾਂ ਤੋਂ ਲਿਆ ਜਾਂਦਾ 15% ਟੈਕਸ ਵਧਾ ਕੇ 18% ਕਰਨ ਦਾ ਐਲਾਨ ਕੀਤਾ ਹੈ। ਪਾਰਟੀ ਲੀਡਰ ਜਗਮੀਤ ਸਿੰਘ ਨੇ ਕਿਹਾ ਹੈ ਕਿ ਉਹਨਾਂ ਦੀ ਪਾਰਟੀ ਦੀ ਸਰਕਾਰ ਸੈੱਲਫੋਨ ਅਤੇ ਇੰਟਰਨੈਟ ਬਿਲਾਂ ਵਿੱਚ ਵੱਡੀ ਕਟੌਤੀ ਕਰੇਗੀ। ਇਸ ਨਾਲ ਔਸਤਨ ਹਰ ਪਰਿਵਾਰ ਨੂੰ 1000 ਡਾਲਰਾਂ ਦੀ ਸਲਾਨਾ ਬੱਚਤ ਹੋਵੇਗੀ। ਟੋਰੀ ਲੀਡਰ ਐਰਿਨ ?'ਟੂਲ ਨੇ ਵੀ ਵਾਅਦਾ ਕੀਤਾ ਹੈ ਕਿ ਉਹ ਪ੍ਰਾਇਮ ਮਨਿਸਟਰ ਬਣੇ ਤਾਂ ਸੂਬਿਆਂ ਨੂੰ ਮੈਂਟਲ ਹੈਲਥ ਮਾਮਲਿਆਂ ਨਾਲ ਨਜਿਠਣ ਵਾਸਤੇ ਵਾਧੂ ਰਕਮ ਜਾਰੀ ਕਰਨਗੇ। ਉਹਨਾਂ ਕਿਹਾ ਕਿ ਪੈਨਡੈਮਿਕ ਦੇ ਚਲਦਿਆਂ ਇਸ ਨਾਲ ਜੁੜੇ ਮਾਮਲਿਆਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ, ਜਿਸ ਨੂੰ ਨਜਿੱਠਣ ਲਈ ਉਹਨਾਂ ਦੀ ਫੈਡਰਲ ਸਰਕਾਰ ਸੂਬਿਆਂ ਨੂੰ ਸਹਾਇਤਾ ਵਧਾਵੇਗੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਸਰੂਪਾਂ' ਦੀ ਵਿਦੇਸ਼ਾਂ 'ਚ ਛਪਾਈ 'ਤੇ ਕੈਨੇਡਾ ਦੀਆਂ ਜਥੇਬੰਦੀਆਂ ਨੇ ਜਤਾਈ ਨਰਾਜਗੀ

ਟੋਰੰਟੋ- ਕੈਨੇਡਾ ਵਿੱਚ ਗੁਰਦੁਆਰਿਆਂ ਦੀਆਂ 20 ਤੋਂ ਵੱਧ ਪ੍ਰਬੰਧਕ ਕਮੇਟੀਆਂ ਨੇ ਵਿਦੇਸ਼ਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ 'ਸਰੂਪਾਂ' ਦੀ ਛਪਾਈ ਦੀ ਇਜਾਜ਼ਤ ਦੇਣ ਦੀ ਆਪਣੀ ਯੋਜਨਾ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਨਾਲ ਨਾਰਾਜ਼ਗੀ ਜ਼ਾਹਿਰ ਕੀਤੀ ਹੈ। 23 ਅਗਸਤ ਨੂੰ ਹੋਈ ਇੱਕ ਮੀਟਿੰਗ ਵਿੱਚ, ਐੱਸ.ਜੀ.ਪੀ.ਸੀ. ਦੀ ਕਾਰਜਕਾਰੀ ਕਮੇਟੀ ਨੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊ ਜ਼ਲੈਂਡ ਅਤੇ ਕੁਝ ਯੂਰਪੀਅਨ ਦੇਸ਼ਾਂ ਵਿੱਚ ਪ੍ਰੈੱਸ ਦੀ ਸਥਾਪਨਾ ਕਰਨ ਦਾ ਸੰਕਲਪ ਲਿਆ ਸੀ, ਜਿਸ ਵਿੱਚ ਸਿੱਖ ਪ੍ਰਵਾਸੀਆਂ ਦੀ 'ਚਿਰੋਕਣੀ ਮੰਗ' ਦਾ ਹਵਾਲਾ ਦਿੱਤਾ ਗਿਆ ਸੀ।ਇਸ ਯੋਜਨਾ 'ਤੇ ਨੋਟਿਸ ਲੈਂਦੇ ਹੋਏ, ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਦੇ 20 ਧਾਰਮਿਕ ਬੌਡੀਆਂ ਦੇ ਪ੍ਰਤੀਨਿੱਧੀਆਂ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਲਿਖਿਆ ਹੈ ਕਿ ਪਵਿੱਤਰ ਸਰੂਪ ਲੋੜ ਅਨੁਸਾਰ ਉਪਲਬੱਧ ਹਨ। ਕੌਂਸਲ ਦੇ ਬੁਲਾਰੇ ਮਨਿੰਦਰ ਸਿੰਘ ਨੇ ਕਿਹਾ,"ਕੈਨੇਡਾ ਵਿੱਚ ਕੁਝ ਲੋਕ ਐੱਸ.ਜੀ.ਪੀ.ਸੀ. ਨੂੰ ਗੁੰਮਰਾਹ ਕਰ ਰਹੇ ਹਨ ਕਿ ਉੱਥੇ ਸਰੂਪ ਛਾਪਣ ਦੀ ਸਖ਼ਤ ਜ਼ਰੂਰਤ ਹੈ। ਇਹ ਕੋਈ ਹਕੀਕਤ ਨਹੀਂ ਹੈ। ਜੇਕਰ ਕੈਨੇਡਾ ਵਿੱਚ ਕੋਈ ਸ਼ਰਧਾਲੂ ਘਰ ਵਿੱਚ ਸਰੂਪ ਸਥਾਪਤ ਕਰਨਾ ਚਾਹੁੰਦਾ ਹੈ, ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦਾ ਹੈ। ਅਸੀਂ ਇਸ ਲੋੜ ਨੂੰ ਪੂਰਾ ਕਰਨ ਦੇ ਯੋਗ ਹਾਂ। ਹੋਰ ਸਰੂਪ ਛਾਪਣ ਤੋਂ ਪਹਿਲਾਂ, ਇਹ ਯਕੀਨੀ ਕਰਨ ਦੀ ਜ਼ਰੂਰਤ ਹੈ ਕਿ ਮੌਜੂਦਾ ਲੋਕਾਂ ਨੂੰ ਬਣਦਾ ਸਤਿਕਾਰ ਅਤੇ ਪਵਿੱਤਰਤਾ ਦਿੱਤੀ ਜਾ ਰਹੀ ਹੈ।"



1998 ਵਿੱਚ ਸ੍ਰੀ ਅਕਾਲ ਤਖਤ ਵਲੋਂ ਜਾਰੀ ਕੀਤੇ ਗਏ ਇੱਕ ਆਦੇਸ਼ ਮੁਤਾਬਕ, ਸਰੂਪਾਂ ਨੂੰ ਛਾਪਣ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਰਾਖਵਾਂ ਹੈ ਅਤੇ ਅਜਿਹਾ ਕਰਨ ਦੀ ਇੱਛਾ ਰੱਖਣ ਵਾਲੀ ਕਿਸੇ ਹੋਰ ਸੰਸਥਾ ਨੂੰ ਸਰਵਉੱਚ ਗੁਰਦੁਆਰਾ ਸੰਸਥਾ ਦੀ ਇਜਾਜ਼ਤ ਲੈਣੀ ਪਵੇਗੀ। ਕੈਨੇਡਾ ਸਥਿਤ ਸਿੱਖ ਆਗੂ ਰਿਪੁਦਮਨ ਸਿੰਘ ਮਲਿਕ ਅਤੇ ਬਲਵੰਤ ਸਿੰਘ ਪੰਧੇਰ ਉੱਥੇ ਸਰੂਪਾਂ ਦੀ ਛਪਾਈ ਦੀ ਮੰਗ ਕਰਦੇ ਰਹੇ ਹਨ। ਲਗਭਗ ਇੱਕ ਸਾਲ ਪਹਿਲਾਂ, ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੋਂ ਇਜਾਜ਼ਤ ਲਏ ਬਿਨਾਂ ਸਰੂਪ ਛਾਪੇ ਸਨ। ਕੈਨੇਡੀਅਨ ਗੁਰਦੁਆਰਾ ਸੰਸਥਾਵਾਂ ਐੱਸ.ਜੀ.ਪੀ.ਸੀ. ਯੋਜਨਾ ਦੇ ਪਿੱਛੇ ਮਲਿਕ ਅਤੇ ਪੰਧੇਰ ਦਾ ਪ੍ਰਭਾਵ ਵੇਖਦੀਆਂ ਹਨ। ਮਲਿਕ, ਜੋ ਕੈਨੇਡਾ ਵਿੱਚ ਖਾਲਸਾ ਸਕੂਲ ਚਲਾਉਂਦੇ ਹਨ ਅਤੇ 1985 ਵਿੱਚ ਕੈਨੇਡੀਅਨ ਨਿਆਂਪਾਲਿਕਾ ਦੁਆਰਾ 1985 ਏਅਰ ਇੰਡੀਆ ਕਨਿਸ਼ਕ ਬੰਬ ਧਮਾਕੇ ਵਿੱਚ ਬਰੀ ਹੋਇਆ ਸੀ, ਐੱਸ.ਜੀ.ਪੀ.ਸੀ. ਦੇ ਕੁਝ ਮੁੱਖ ਅਹੁਦੇਦਾਰਾਂ ਅਤੇ ਅਧਿਕਾਰੀਆਂ ਨਾਲ ਨਿਯਮਿਤ ਸੰਪਰਕ ਵਿੱਚ ਰਿਹਾ ਹੈ।

## ਕੈਨੇਡਾ ਦੀਆ ਫੈਡਰਲ ਚੋਣਾਂ ਵਿੱਚ ਅਡਵਾਂਸ ਪੋਲਿੰਗ ਦੀਆਂ ਤਰੀਕਾਂ ਜਾਰੀ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਵਿੱਚ 44 ਵਾਂ ਸੰਸਦੀ ਚੋਣ ਦਾ ਦਿਨ ਸੋਮਵਾਰ, 20 ਸਤੰਬਰ, 2021 ਹੈ।ਪਰ ਅਡਵਾਂਸ ਵੋਟਿੰਗ ਸ਼ੁੱਕਰਵਾਰ, 10 ਸਤੰਬਰ ਨੂੰ ਹੋਵੇਗੀ; ਸ਼ਨੀਵਾਰ, ਸਤੰਬਰ 11; ਐਤਵਾਰ, 12 ਸਤੰਬਰ; ਸੋਮਵਾਰ, ਸਤੰਬਰ 13, 2021 ਨੂੰ ਹੋਵੇਗੀ। ਨਤੀਜੇ ਵੀ ਵੀਹ ਸਤੰਬਰ ਦੇਰ ਰਾਤ ਤੱਕ ਆ ਜਾਣਗੇ ।ਹੋਰ ਜਾਣਕਾਰੀ ਲਈ ਇਲੈਕਸ਼ਨ ਕੈਨੇਡਾ ਦੀ ਵੈਬਸਾਈਟ ਤੋ ਜਾਣਕਾਰੀ ਲੈ ਸਕਦੇ ਹੋ ।


Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy. Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL CAVES
PROPERTY MANAGEMENT & REAL ESTATE SERVICES
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road Winnipeg MB R2M 2Y1

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
ਪੰਜਾਬੀ ਅਖ਼ਬਾਰ Punjabi Akhbaar
PunjabiAkhbaar.ca
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797

Sukhbaz Deol
Financial Advisor
(204)998-7511
SAHARA INSURANCE GROUP
Visitor / Travel Insurance / Life Insurance
Super Visa Insurance / RRSP / RESP / Investments

ਸਟਾਈਲ ਇੰਡੀਆ
ਬਾਲੀਵੁੱਡ ਕਲੈਕਸ਼ਨ ਵਿੰਨੀਪੈਗ
STYLE India
BOLLYWOOD COLLECTION
• Latest Boutique suits
• Heavy Phulkari
• Frock suits
• Shimmer and Shunil suits
• Super soft blankets
ਇੰਡੀਆ ਨੂੰ ਪੈਸੇ ਭੇਜਣ ਲਈ ਵਧੀਆ ਰੇਟ
MoneyGram
ਪਾਸਪੋਰਟ ਸਾਈਜ਼ ਫੋਟੋ ਸਿਰਫ 10 ਡਾਲਰ
ਨਵੇਂ ਨਵੇਂ ਬੁਟੀਕ ਦੇ ਸੂਟ, ਭਾਰੀ ਫੁਲਕਾਰੀਆਂ, ਫਰਾਕ ਸੂਟ, ਸ਼ਿਮਰ ਐਂਡ ਸ਼ੁਨੀਲ ਸੂਟ, ਸੁਪਰ ਸੌਫਟ ਕੰਬਲ
102 Mandalay Dr. Winnipeg
(204) 632-9999

Yadwinder Deol
Realtor
MAXIMUM REALTY
ਘਰ ਵੇਚਣ ਜਾਂ ਖਰੀਦਣ ਲਈ ਸੰਪਰਕ ਕਰੋ !
Call TODAY to buy or sell your house
(204)803-2811

Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg. MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EWL EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
THE MORTGAGE WORLD
Lowest Rates Guaranteed

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
we are
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE Top Producers Real Estate
Call: 204.227.5758
Email: rajsandhu1@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770


ਤੁਸੀਂ ਹਮੇਸ਼ਾ ਲਈ ਰਹਿਣ ਵਾਲੇ ਘਰ ਤੋਂ ਸਿਰਫ ਇੱਕ ਕਦਮ ਦੂਰ ਹੋ!
COPPERSTONE AT COPPERFIELD
NEW HOME STYLES JUST ARRIVED
PRE-SALE INCENTIVES ON NOW
ਹੁਣ
MODERN SINGLE FAMILY HOMES
2,015 to 2,508 sq. ft.
3-4 bedrooms with bonus room
2-3 bathrooms
Legal basement suite option
Starting from Low $500 (incl.GST)
EXECUTIVE SINGLE FAMILY HOMES
2,508 to 2,934 sq. ft.
3-4 bedrooms with bonus room | 2-3 bathrooms
Walk-out basement with options to add a legal basement suite.
Starting from High $600 (incl.GST)
SIGNATURE COLLECTION
1,735 to 1,867 sq. ft
3 bedrooms
2 bathrooms
Legal basement suite option
Starting from $469,900 (incl.GST)
3 ਸਾਲ ਲਈ ਕੋਈ ਕੌਂਡੋ ਫੀਸ ਨਹੀਂ *
TOWNHOMES (Own From $655 Bi-weekly)
1,735 to 1,867 sq. ft
2 or 3 bedrooms | 2 bathrooms + bonus room
Award winnig modern interiors, gourmet kitchens, 2 vehicle garage + added driveway parking
Starting from $319,900 (incl. GST)
COPPERSTONELIVING.COM | 587.352.4266
SHOWHOMES & SALES CENTRE
1233 Copperfield Blvd SE,
Calgary, AB T2Z 5G1
Monday - Thursday: 2 - 8 PM
Sat, Sun & Holidays: 12 - 5 PM
Thrusday & Friday: by appointment
VESTA PROPERTIES
*Condo fees to be paid up to a maximum of $10,000, this offer cannot be combined with any other offer. See sales team for full details.

# ਜਸਰਾਜ ਹੱਲਣ ਕੈਲਗਰੀ ਫੌਰੈਸਟ ਲੌਨ ਹਲਕਾ ਤੋਂ ਮੁੜ









ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੋਟਾਂ ਦੇ ਦਿਨ ਆ ਢੁੱਕੇ ਹਨ।ਆਪੋ ਆਪਣੇ ਹਲਕਿਆਂ ਵਿੱਚ ਉਮੀਨਦਵਾਰਾਂ ਵੱਲੋਂ ਬਾਰਬੀਕਿਊ ਕਰ ਕਰ ਕੇ ਵੋਟਰਾਂ ਨਾਲ ਸੰਪਰਕ ਬਣਾਇਆ ਜਾ ਰਿਹਾ ਹੈ।ਕੈਲਗਰੀ ਦੇ ਹਲਕਾ ਫੌਰੈਸਟ ਲੌਨ ਤੋਂ ਐਮ ਪੀ ਦੀ ਮੁੜ ਚੋਣ ਲੜ ਰਹੇ ਜਸਰਾਜ ਹੱਲਣ ਵੱਲੋਂ ਵੀ ਬਾਰਬੀਕਿਊ ਰੱਖਿਆਂ ਗਿਆ। ਇਸ ਮੌਕੇ ਜਸਰਾਜ ਹੱਲਣ ਦਾ ਕਹਿਣਾ ਸੀ ਕਿ ਕੋਵਿਡ ਦੇ ਜਿਸ ਦੌਰ ਚੋਂ ਅਸੀਂ ਗੁਜ਼ਰ ਰਹੇ ਹਾਂ ਉਸ ਚ ਟਰੂਡੋ ਸਰਕਾਰ ਵੱਲੋਂ ਚੋਣਾਂ ਕਰਵਾਉਣ ਦਾ ਜੋ ਫੈਸਲਾ ਕੀਤਾ ਗਿਆ ਹੈ, ਮੈਂ ਉਸ ਨਾਲ ਬਿਲਕੁਲ ਵੀ ਸਹਿਮਤ ਨਹੀਂ ਹਾਂ ਕਿਉਂਕਿ ਇਹ ਸਮਾਂ ਲੋਕਾਂ ਦੀ ਮੱਦਦ ਕਰਨ ਦਾ ਸੀ। ਅਗਰ ਲਿਬਰਲ ਪਾਰਟੀ ਬਹੁਮਤ ਦੇ ਸੁਪਨੇ ਲੈ ਕੇ ਚੋਣਾਂ ਕਰਵਾਉਣ ਹੀ ਲੱਗ ਗਈ ਹੈ ਤਾਂ ਸਾਡੀ ਪਾਰਟੀ ਇਸ ਲਈ ਵੀ ਪੂਰੀ ਤਰਾਂ ਤਿਆਰ ਹੈ । ਚੋਣ ਮੁਹਿੰਮ ਦਾ ਆਗਾਜ਼ ਕਰਦਿਆਂ ਜਸਰਾਜ ਸਿੰਘ ਹੱਲਣ ਨੇ ਸਭ ਤੋਂ ਪਹਿਲਾਂ ਤਾਂ ਅਫ਼ਗਾਨਿਸਤਾਨ ਚ ਫਸੇ ਹਿੰਦੂ-ਸਿੱਖ ਭਰਾਵਾਂ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਬਹੁਤ ਅਫ਼ਸੋਸ ਵਾਲੀ ਗੱਲ ਹੈ ਕਿ ਸਾਡੇ ਭਰਾ ਇਸ ਸਮੇਂ ਇੱਕ ਵੱਡੀ ਮੁਸੀਬਤ ਚ ਫਸੇ ਹੋਏ ਹਨ ਜਿਨ੍ਹਾਂ ਲਈ ਮੈਂ ਨਿੱਜੀ ਤੌਰ ਤੇ ਵੀ ਮੱਦਦ ਦੇ ਰੂਪ ਚ ਜੋ ਕੁੱਝ ਕਰ ਸਕਦਾ ਸੀ ਜਾਂ ਕਰ ਸਕਦਾ ਹਾਂ ਉਹ ਕਰ ਰਿਹਾ ਹਾਂ ਜਿਸ ਲਈ ਮੈਂ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਨਾਲ ਲਗਾਤਾਰ ਸੰਪਰਕ ਚ ਹਾਂ ਪਰ ਸਰਕਾਰ ਨੂੰ ਜਿਸ ਤਰਾਂ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ ਉਹ ਨਹੀਂ ਕਰ ਰਹੀ।

ਉਨ੍ਹਾਂ ਅੱਜ ਮੁੜ ਆਪਣੇ ਹਲਕੇ ਫੌਰੈਸਟ ਲੌਨ ਵਾਸੀਆਂ ਬਾਰੇ ਕਿਹਾ ਕਿ ਮੈਨੂੰ ਪੂਰਾਂ ਭਰੋਸਾ ਹੈ ਕਿ ਜਿਸ ਤਰਾਂ ਉਨ੍ਹਾਂ ਮੈਨੂੰ ਪਹਿਲਾਂ ਸੇਵਾ ਕਰਨ ਦਾ ਮੌਕਾ ਦਿੱਤਾ ਸੀ ਹੁਣ ਮੁੜ ਵੀ ਨਿਰਾਸ਼ ਨਹੀਂ ਕਰਨਗੇ। ਇਸ ਚੋਣ ਮੁਹਿੰਮ ਦੇ ਆਗਾਜ਼ ਸਮੇਂ ਵੱਡੀ ਗਿਣਤੀ ਚ ਸ਼ਹਿਰ ਤੇ ਹਲਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਲਗਵਾਈ।

## ਵਾਰਡ 5 ਤੋਂ ਕੌਂਸਲਰ ਉਮੀਂਦਵਾਰ ਰਾਜ ਧਾਲੀਵਾਲ ਦੀ ਚੋਣ ਮੁਹਿੰਮ ਨੂੰ ਪੰਜਾਬੀ ਭਾਈਚਾਰੇ ਭਰਵਾਂ ਹੁੰਗਾਰਾ ਦਿੱਤਾ



“ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 18 ਅਕਤੂਬਰ 2021 ਨੂੰ ਹੋਣ ਜਾ ਰਹੀਆਂ ਕੈਲਗਰੀ ਸਿਟੀ ਦੀਆਂ ਚੋਣਾਂ ਵਿੱਚ ਪੰਜਾਬੀ ਉਮੀਂਵਾਰ ਭਾਂਵੇਂ ਕਾਫੀ ਸਰਗਰਮ ਹਨ ਪਰ ਵਾਰਡ 5 ਤੋਂ ਜੌਰਜ ਚਾਹਲ ਦੇ ਫੈਡਰਲ ਇਲੈਕਸ਼ਨ ਵਿੱਚ ਚਲੇ ਜਾਣ ਕਾਰਣ ਖਾਲੀ ਹੋਏ ਸਥਾਨ ਦੀ ਪੂਰਤੀ ਲਈ ਅੱਗੇ ਆਏ ਪੰਜਾਬੀ ਉਮੀਂਦਵਾਰਾਂ ਵਿੱਚੋਂ ਰਾਜ ਧਾਲੀਵਾਲ ਵੀ ਅੱਗੇ ਆਇਆ ਹੈ । ਉਸ ਵੱਲੋਂ ਕੀਤੇ ਗਏ ਬਾਰਬੀਕਿਊ ਮੌਕੇ ਪੁੱਜੇ ਪੰਜਾਬੀ ਭਾਈਚਾਰੇ ਨੂੰ ਦੇਖ ਕੇ ਇੱਕ ਬਾਰ ਤਾਂ ਇਸ ਤਰਾਂ ਹੀ ਲੱਗਦਾ ਹੈ ਕਿ ਉਹ ਦੌੜ ਵਿੱਚ ਅੱਗੇ ਹੀ ਹੈ ਪਰ ਹਾਲੇ ਦੌੜ ਬਹੁਤ ਲੰਮੀ ਹੈ। ਇਸ ਮੌਕੇ ਰਾਜ ਧਾਲੀਵਾਲ ਨੇ ਆਏ ਹੋਏ ਮੱਦਦਗਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੂੰ ਇੱਕ ਬਾਰ ਸੇਵਾ ਦਾ ਮੌਕਾ ਜਰੂਰ ਦਿਓ । ਮੈਨੂੰ ਵਾਰਡ 5 ਦੀਆਂ ਸਮੱਸਿਆਵਾਂ ਦਾ ਪਤਾ ਹੈ ਉਹ ਤਾਂ ਹੀ ਹੱਲ ਹੋ ਸਕਣਗੀਆਂ ਜੇਕਰ ਤੁਹਾਡੀ ਗੱਲ ਕਰਨ ਵਾਲਾ ਕੋਈ ਸਿਟੀ ਹਾਲ ਅੰਦਰ ਮੌਜੂਦ ਹੋਵੇਗਾ। ਉਸਨੇ ਕਿਹਾ ਕਿ ਮੈਂ ਹਰ ਘਰ ਦੇ ਦਰਵਾਜੇ ਉੱਪਰ ਆ ਰਿਹਾ ਹਾਂ ਤੁਸੀਂ ਮੈਨੂੰ ਆਪਣੀਆਂ ਸਮੱਸਿਆਵਾਂ ਦੱਸ ਸਕਦੇ ਤਾਂ ਕਿ ਕੌਂਸਲਰ ਬਣਨ ਉਪਰੰਤ ਤੁਹਾਡੇ ਬਿਨਾ ਆਖਿਆਂ ਹੀ ਉਹਨਾਂ ਦਾ ਕੋਈ ਹੱਲ ਨਿਕਲ ਸਕੇ।

## ਜੇ ਜਗਮੀਤ ਸਿੰਘ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਐਮੇਜ਼ੌਨ ਵਰਗੀਆਂ ਕੰਪਨੀਆਂ ਨਾਲ ਸਭ ਤੋਂ ਪਹਿਲਾਂ ਹਿਸਾਬ ਕਿਤਾਬ ਕਰੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਇੱਕ ਵਾਰ ਮੁੜ ਕਿਹਾ ਹੈ ਕਿ ਜੇ ਉਹਨਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਦੇਸ਼ ਭਰ ਦੇ ਅਮੀਰ ਲੋਕਾਂ ਨੂੰ ਵਾਧੂ ਟੈਕਸ ਦੇਣਾ ਹੀ ਪਵੇਗਾ ਤਾਂ ਹੀ ਦੇਸ਼ ਦੇ ਆਰਥਕ ਢਾਂਚੇ ਨੂੰ ਬਚਾਇਆ ਜਾ ਸਕੇਗਾ। ਉਹਨਾਂ ਕਿਹਾ ਕਿ ਸਿਰਫ਼ ਐਨਡੀਪੀ ਕੋਲ ਹੀ ਅਜਿਹਾ ਪਲੈਨ ਹੈ ਜਿਸ ਨਾਲ ਦੇਸ਼ ਦੇ ਅਰਥਚਾਰੇ ਨੂੰ ਪੈਨਡੈਮਿਕ ਕਾਰਨ ਹੋਏ ਖ਼ਰਚੇ ਦੀ ਭਰਪਾਈ ਕੀਤੀ ਜਾ ਸਕੇਗੀ ਤੇ ਆਰਥਕ ਰਿਕਵਰੀ ਕੀਤੀ ਜਾ ਸਕੇਗੀ। ਉਹਾਂ ਕਿਹਾ ਕਿ ਐਮੇਜ਼ੌਨ ਵਰਗੀਆਂ ਕੰਪਨੀਆਂ ਨੇ ਕੈਨੇਡਾ ਵਿੱਚ ਰਹਿ ਕੇ ਕਰੋੜਾਂ ਡਾਲਰਾਂ ਦਾ ਮੁਨਾਫਾ ਕਮਾਇਆ ਪਰ ਕੈਨੇਡਾ ਨੂੰ ਮਾਲੀਏ ਵਿੱਚ ਕੁੱਝ ਵੀ ਹਾਸਲ ਨਹੀਂ ਹੋਇਆ, ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ।

## ਮਿੱਲਵੁੱਡਜ਼ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਦੀ ਪਰਬੰਧਕੀ ਕਮੇਟੀ ਇਸ ਸਾਲ ਵੀ ਸਰਬਸੰਮਤੀ ਨਾਲ ਹੀ ਚੁਣੀ ਗਈ




ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿੱਲਵੁੱਡਜ਼ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਸੰਸਥਾ ਦੀ ਚੋਣ ਸਰਬਸੰਮਤੀ ਨਾਲ ਹੋਈ । ਇਸ ਚੋਣ ਵਿੱਚ ਚਮਕੌਰ ਸਿੰਘ ਮਾਹਲ ਨੂੰ ਪ੍ਰਧਾਨ ਚੁਣਿਆ ਗਿਆ ਜਦੋਂਕਿ ਵਾਈਸ ਪ੍ਰਧਾਨ ਸੁਦਾਗਰ ਸਿੰਘ ਚੁਣੇ ਗਏ ਹਨ। ਇੰਦਰਜੀਤ ਸਿੰਘ ਗਰੇਵਾਲ ਨੂੰ ਸੈਕਟਰੀ ਅਤੇ ਕੁਲਵੰਤ ਸਿੰਘ ਕਾਲੜਾ ਜੁਆਇੰਟ ਸੈਕਟਰੀ ਲਗਾਏ ਗਏ ਹਨ । ਮਲਕੀਤ ਸਿੰਘ ਮਾਨ ਖਜ਼ਾਨਚੀ, ਸੁਰਜੀਤ ਸਿੰਘ ਬਰਾੜ ਸਹਾਇਕ ਖਜ਼ਾਨਚੀ , ਡਾਇਰੈਕਟਰ ਦੀ ਜ਼ਿੰਮੇਬਾਰੀ ਅਮਰ ਸਿੰਘ ਸਿੱਧੂ ,ਜਗਤਾਰ ਸਿੰਘ ਕਲਾਰ, ਜਗਰੂਪ ਸਿੰਘ ਸਿੱਧੂ ,ਅਤੇ ਜਗਜੀਤ ਸਿੰਘ ਸਿੱਧੂ ਅਡਵਾਈਜ਼ਰ ਲਗਾਏ ਗਏ ਹਨ । ਗੱਜਣ ਸਿੰਘ ਗੋਸਲ ਕਸਟੋਡੀਅਨ ਲਗਾਏ ਗਏ ਹਨ। ਵਰਨਣਯੋਗ ਹੈ ਕਿ 23ਮਾਰਚ 1983 ਤੋਂ ਸ਼ੁਰੂ ਹੋਈ ਇਸ ਸੰਸਥਾ ਦੇ ਹੁਣ ਤਕ ਤਕਰੀਬਨ ਚਾਰ ਸੌ ਦੇ ਕਰੀਬ ਲਾਈਫ ਮੈਂਬਰ ਹਨ ਅਤੇ ਸੁਸਾਇਟੀ ਦੀ ਆਪਣੀ ਬਿਲਡਿੰਗ ਹੈ ਜਿੱਥੇ ਸਾਲ ਦੇ 365 ਦਿਨ ਹਰ ਰੋਜ਼ ਇਸ ਸੁਸਾਇਟੀ ਦੀ ਬਿਲਡਿੰਗ ਦੇ ਵਿੱਚ ਮੈਂਬਰ ਆਉਂਦੇ ਜਾਂਦੇ ਰਹਿੰਦੇ ਹਨ। ਪ੍ਰਬੰਧਕ ਕਮੇਟੀ ਦੀ ਚੋਣ ਹਰ ਸਾਲ ਕੀਤੀ ਜਾਂਦੀ ਹੈ । ਇਸ ਸੰਸਥਾ ਚ ਬਜ਼ੁਰਗਾਂ ਨੂੰ ਉਨ੍ਹਾਂ ਦੇ ਟੈਕਸ ਭਰਨਾ, ਲਾਈਫ ਮੈਂਬਰਸ਼ਿਪ, ਕਿਸੇ ਮੁਲਕ ਦਾ ਵੀਜ਼ਾ ਲੈਣਾ ਹੋਵੇ, ਕੈਨੇਡੀਅਨ ਪੈਨਸ਼ਨ ਪਲੈਨ ਦਾ ਕੰਮ ਹੋਵੇ, ਸੀਨੀਅਰ ਬੈਨੀਫਿਟ, ਗਾਰੰਟੀਡ ਇਨਕਮ ਸਪਲੀਮੈਂਟ,ਪਾਸਪੋਰਟ ਰੀਨਿਊ ਆਦਿ ਜਿਹੇ ਕੰਮ ਵਾਲੰਟੀਅਰ ਤੌਰ ਤੇ ਕੀਤੇ ਜਾਂਦੇ ਹਨ। ਸਿਹਤ ਨੂੰ ਤੰਦਰੁਸਤ ਰੱਖਣ ਦੇ ਲਈ ਯੋਗਾ ਕਲਾਸਾਂ ਵੀ ਹਰ ਸਾਲ ਲਗਾਈਆਂ ਜਾਂਦੀਆਂ ਹਨ । ਹਰ ਸਾਲ 23 ਮਾਰਚ ਵਾਲੇ ਦਿਨ ਇਸ ਸੰਸਥਾ ਦਾ ਜਨਮਦਿਨ ਵੀ ਮਨਾਇਆ ਜਾਂਦਾ ਹੈ । ਇਸ ਸੰਸਥਾ ਸਬੰਧੀ ਇਹ ਵੀ ਖਾਸੀਅਤ ਹੈ ਕਿ ਅੱਜ ਤੱਕ ਕਦੇ ਵੀ ਇਸ ਸੰਸਥਾ ਦੀ ਚੋਣ ਨਹੀਂ ਹੋਈ ਸਗੋਂ ਸਰਬਸੰਮਤੀ ਨਾਲ ਹੀ ਪਰਬੰਧਕੀ ਕਮੇਟੀ ਚੁਣੀ ਜਾਂਦੀ ਹੈ।

## ਐਰਿਨ ਓ ਟੂਲ ਦਾ ਕਹਿਣਾ ਹੈ ਕਿ ਉਹ ਕਨੇਡਾ ਦੇ ਝੁਕੇ ਹੋਏ ਝੰਡੇ ਨੂੰ ਮੁੜ ਉੱਚਾ ਲਹਿਰਾਉਣਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਓਰੋ) ਫੈਡਰਲ ਕੰਜ਼ਰਵੇਟਿਵ ਪਾਰਟੀ ਲੀਡਰ ਐਰਿਨ'ਟੂਲ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਇਸ ਵੇਲੇ ਵੀ ਰਾਸ਼ਟਰੀ ਝੰਡਾ ਅੱਧਾ ਝੁਕਿਆ ਹੋਇਆ ਹੈ ਤੇ ਜੇ ਉਹਨਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਸ ਇਸ ਦੇ ਮਾਣ ਨੂੰ ਬਹਾਲ ਕਰਦਿਆਂ ਮੁੜ ਸਿਖ਼ਰਾਂ 'ਤੇ ਲੈ ਜਾ ਕੇ ਲਹਿਰਾਉਣਗੇ। ਓ'ਟੂਲ ਨੇ ਲਿਬਰਲ ਲੀਡਰ ਜਸਟਿਨ ਟਰੂਡੋ 'ਤੇ ਵਰ੍ਹਦਿਆਂ ਕਿਹਾ ਕਿ ਕੈਮਲੂਪਸ ਵਿੱਚ ਬੱਚਿਆਂ ਦੀ ਲਾਸ਼ਾਂ ਮਿਲਣ ਮਗਰੋਂ ਰਾਸ਼ਟਰੀ ਝੰਡਾ ਝੁਕਾਇਆ ਗਿਆ ਸੀ ਤੇ ਅਜੇ ਤੱਕ ਇਸ ਨੂੰ ਵਾਪਸ ਉੱਪਰ ਨਹੀਂ ਚੁੱਕਿਆ ਜਾ ਸਕਿਆ ਹੈ। ?'ਟੂਲ ਨੇ ਕਿਹਾ ਕਿ ਜੇ ਉਹ ਸਰਕਾਰ ਬਣਾਉਂਦੇ ਹਨ ਤਾਂ ਮੂਲ ਨਿਵਾਸੀਆਂ ਦੀ ਸਮਸਿਆ ਪਹਿਲ ਦੇ ਅਧਾਰ 'ਤੇ ਹੱਲ ਕਰਕੇ ਝੰਡਾ ਉੱਚਾ ਚੁੱਕਣਗੇ। ਉਹਨਾਂ ਕਿਹਾ ਅਫ਼ਸੋਸ ਹੈ ਕਿ ਇੰਨੇ ਮਹੀਨੇ ਗੁਜ਼ਰ ਜਾਣ ਤੋਂ ਬਾਦ ਵੀ ਸਰਕਾਰ ਇਸ ਦਿਸ਼ਾ ਵਿੱਚ ਕੋਈ ਕੰਮ ਨਹੀਂ ਕਰ ਸਕੀ ਹੈ।

## ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੀ ਚੋਣ ਦੌਰਾਨ ਗੁਰਮੁੱਖ ਸਿੰਘ ਮਿਨਹਾਸ ਨੂੰ ਪ੍ਰਧਾਨ ਚੁਣਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਇੰਕਾ ਸੀਨੀਅਰ ਸੁਸਾਇਟੀ ਕੈਲਗਰੀ ਦਾ ਕੰਮਕਾਜ ਚਲਾਉਣ ਲਈ ਸਰਬਸੰਮਤੀ ਨਾਲ ਅਗਲੇ ਦੋ ਸਾਲ ਵਾਸਤੇ ਕਮੇਟੀ ਚੁਣੀ ਗਈ। ਇਸ ਚੋਣ ਸਬੰਧੀ ਪ੍ਰੋਜ਼ੈਡਿੰਗ ਅਫ਼ਸਰ ਸਤਵੰਤ ਸਿੰਘ ਗਿੱਲ ਨੇ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ ਗੁਰਮੁਖ ਸਿੰਘ ਮਿਨਹਾਸ ਨੂੰ ਪ੍ਰਧਾਨ ਚੁਣਿਆ ਗਿਆ ਹੈ । ਮਲਕੀਤ ਸਿੰਘ ਸਿੱਧੂ ਮੀਤ ਪ੍ਰਧਾਨ, ਦਰਸ਼ਨ ਸਿੰਘ ਗਿੱਲ ਜਨਰਲ ਸਕੱਤਰ, ਸੋਹਣ ਲਾਲ ਰੱਤੂ ਜਾਇੰਟ ਸਕੱਤਰ, ਮਹਿੰਦਰ ਸਿੰਘ ਢਿੱਲੋਂ ਖਜ਼ਾਨਚੀ ਚੁਣੇ ਗਏ ਹਨ, ਜਦੋਂ ਕਿ ਜ਼ੋਰਾ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬੈਂਸ, ਹਰਦਿਆਲ ਸਿੰਘ ਸੇਖੋਂ, ਰਮੇਸ਼ ਕੁਮਾਰ ਭਾਰਦਵਾਜ, ਬਲਬੀਰ ਕੌਰ ਸਿੱਧੂ ਅਤੇ ਮੁਖਤਿਆਰ ਕੌਰ ਢਿਲੋਂ ਡਾਇਰੈਕਟਰ ਚੁਣੇ ਗਏ ਹਨ । ਉਪਰੋਕਤ ਕਮੇਟੀ ਵੱਲੋਂ ਆਪਣਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੀਆਂ ਨਿਯੁਕਤੀਆਂ ਵੀ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ ਚੈਂਚਲ ਸਿੰਘ ਬਾਜਵਾ ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ ਹੈ ।ਧਰਮ ਸਿੰਘ ਗਿੱਲ ਨੂੰ ਪਬਲਿਕ ਰਿਲੇਸ਼ਨ ਅਫਸਰ, ਜਰਨੈਲ ਸਿੰਘ ਤੱਗੜ ਪ੍ਰੈਸ ਸਕੱਤਰ ਚੁਣੇ ਗਏ ਹਨ। ਹਜ਼ਾਰਾ ਸਿੰਘ ਗਿੱਲ, ਸੁਰਿੰਦਰ ਸਿੰਘ ਸੂਰੀ, ਪ੍ਰੀਤਮ ਸਿੰਘ ਘੋਲੀਆ ਅਤੇ ਕੁਲਵੀਰ ਕਾਲਕਟ ਮੈਂਬਰ ਖ਼ਰੀਦ ਕਮੇਟੀ ਲਈ ਚੁਣੇ ਗਏ ਹਨ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

Harpinder Sidhu
REGIONAL MANAGER
403 404 3500
sidhu.harpinder@gmail.com
Punjab Insurance Inc
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜ਼ੇ ਵਿਚ)
Calgary (AB) T3J 5H2

Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

# ਐਡਮੰਟਨ ਵਿਖੇ ਦਸਤਾਰ ਦਿਵਸ ਮਨਾਉਂਦਿਆਂ ਸੈਕੜਿਆਂ ਦੀ ਗਿਣਤੀ ਵਿੱਚ ਬੱਚਿਆਂ ਨੇ ਦਸਤਾਰਾਂ ਸਜਾਈਆਂ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸਿੱਖ ਯੂਥ ਐਡਮੰਟਨ ਵੱਲੋਂ ਦਸਤਾਰਾਂ ਅਤੇ ਦੁਮਾਲੇ ਸਜਾਉਣ ਸਬੰਧੀ ਇੱਕ ਦਿਨ ਦੇ ਮੇਲੇ ਵਰਗੇ ਕੈਂਪ ਦਾ ਆਯੋਜਿਨ ਕੀਤਾ ਗਿਆ। ਇਸ ਮੌਕੇ ਗਤਕੇ ਦੇ ਜੌਹਰ, ਕਵੀਸ਼ਰੀ ਜਥੇ ਅਤੇ ਢਾਡੀ ਸਿੰਘਾਂ ਵੱਲੋਂ ਜੋਸ਼ੀਲੀਆਂ ਵਾਰਾਂ ਦੇ ਜ਼ਰੀਏ ਸਿੱਖ ਇਤਿਹਾਸ ਸਿੱਖ ਸੰਗਤਾਂ ਦੇ ਸਨਮੁੱਖ ਰੱਖਿਆ ਗਿਆ। ਇਸ ਮੌਕੇ ਬੱਚਿਆਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ । ਜੇਤੂ ਬੱਚਿਆਂ ਨੂੰ ਟਰਾਫੀਆਂ ਅਤੇ ਸਨਮਾਨ ਚਿੰਨ ਦਿੱਤੇ ਗਏ । ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਤੇਜਿੰਦਰ ਸਿੰਘ ਭੱਠਲ ਨੇ ਦੱਸਿਆ ਕਿ ਅਜਿਹੇ ਸਮਾਗਮਾਂ ਦੇ ਜ਼ਰੀਏ ਅਸੀਂ ਆਪਣੀ ਆਉਣ ਵਾਲੀ ਪੀੜੀ ਨੂੰ ਸਿੱਖ ਸੱਭਿਆਚਾਰ ਨਾਲ ਜੋੜਕੇ ਰੱਖ ਸਕਦੇ ਹਾਂ।

# ਕੈਲਗਰੀ ਵਿੱਚ ਅਪਾਰ ਹੋਲਸੇਲ ਗਰੌਸਰੀ ਸਟੋਰ ਖੁੱਲਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਪੰਜਾਬੀ ਭਾਈਚਾਰੇ ਦੀ ਵਸੋਂ ਜਿਉਂ ਜਿਉਂ ਵਧਦੀ ਜਾ ਰਹੀ ਹੈ ਇਸ ਦੇ ਨਾਲ ਨਾਲ ਹੀ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਬਿਜਨਿਸ ਵੀ ਉਸੇ ਹਿਸਾਬ ਨਾਲ ਹੀ ਖੁੱਲ ਰਹੇ ਹਨ। ਨਿੱਤ ਦਿਹਾੜੇ ਦੀ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਲੋੜੀਂਦੇ ਸਮਾਨ ਵਾਲਾ ਅਪਾਰ ਗਰੌਸਰੀ ਸਟੋਰ ਕੈਲਗਰੀ ਦੇ ਸਕਾਈਵਿਊ ਏਰੀਆ ਵਿਖੇ ਕੰਟਰੀਹਿੱਲ ਬੁਲੇਵਾਰਡ ਨਜਦੀਕ ਖੋਲਣ ਦਾ ਉਪਰਾਲਾ ਸ: ਜਗਦੀਪ ਸਿੰਘ ਅਤੇ ਉਹਨਾਂ ਦੀ ਸਹਿਯੋਗੀ ਸਮੁੱਚੀ ਟੀਮ ਨੇ ਕੀਤਾ ਹੈ ।ਗਰੈਂਡ ਓਪਨਿੰਗ ਦੇ ਮੌਕੇ ਕੈਲਗਰੀ ਦੀਆਂ ਨਾਮਵਾਰ ਸ਼ਖਸੀਅਤਾਂ ਅਤੇ ਰਾਜਨੀਤੀ ਖੇਤਰ ਦੀਆਂ ਉੱਘੀਆਂ ਹਸਤੀਆਂ ਨੇ ਹਾਜਰੀ ਭਰੀ ।




# ਅਫਗਾਨਿਸਤਾਨ ਦੀਆਂ ਘਟਨਾਵਾਂ ਦਾ ਪਰਛਾਵਾਂ ਕਨੇਡਾ ਦੀਆਂ ਚੋਣਾਂ ਉੱਪਰ ਪੈਣ ਲੱਗਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਗ਼ਾਨਿਸਤਾਨ ਵਿੱਚ ਫੈਲੇ ਤੇ ਵਧੇ ਰਾਜਨੀਤਕ ਤੇ ਸਮਾਜਿਕ ਸੰਕਟ ਦਾ ਸਿੱਧਾ ਅਸਰ ਫੈਡਰਲ ਲਿਬਰਲ ਪਾਰਟੀ ਦੀ ਚੋਣ ਮੁਹਿੰਮ 'ਤੇ ਪੈਣ ਲੱਗਿਆ ਹੈ ਤੇ ਦੇਸ਼ ਵਿੱਚ ਕੋਰੋਨਾ ਵਾਇਰਸ ਦੀ ਤੇਜ਼ੀ ਨਾਲ ਫੈਲ ਰਹੀ ਚੌਥੀ ਲਹਿਰ ਨੇ ਵੀ ਲਿਬਰਲਾਂ ਦੀਆਂ ਚੋਣਾਂ ਵਿੱਚ ਬਹੁਮਤ ਹਾਸਲ ਕਰਨ ਦੇ ਸੁਫਨਿਆਂ ਨੂੰ ਸੱਟ ਮਾਰਨੀ ਸ਼ੁਰੂ ਕਰ ਦਿੱਤੀ ਹੈ। ਵੀਰਵਾਰ ਨੂੰ ਅਫ਼ਗ਼ਾਨਿਸਤਾਨ ਵਿਚੋਂ ਪੀੜਤਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆਉਣ ਦੇ ਮਿਸ਼ਨ ਨੂੰ ਅਚਾਨਕ ਬੰਦ ਕਰ ਦੇਣ ਦਾ ਰਿਐਕਸ਼ਨ ਲਿਬਰਲ ਪਾਰਟੀ ਨੂੰ ਸਹਿਣਾ ਪੈ ਰਿਹਾ ਹੈ।

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.
Akshay Kapoor
REALTOR®
403 891 0005



PUNJABI SWEETS
HOUSE & RESTAURANT
TAKE OUT
We do catering also
FAST & BEST FRIENDLY SERVICE
ALL KINDS OF SWEETS NON-VEG & VEGI FOOD
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY



Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"

Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ
JASVIR KAUR
To Book a Session CALL us at:
403-829-4814
20 Saddlestone Drive NE T3J OW8
Located on 2nd Floor in Saddleridge Plaza
info.blissandbeauty@gmail.com



Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
ICCRC CRCIC
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨੈਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws



# ਚੰਗੀ ਪੜੀ ਲਿਖੀ ਹੁਮੈਰਾ ਫਲਕ ਦੇ ਚੋਣ ਪ੍ਰਚਾਰ ਦਾ ਕਾਮਯਾਬ ਕਿੱਕ-ਆਫ ਸਮਾਗਮ






ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਹੁਮੈਰਾ ਫਲਕ ਵਾਰਡ 5 ਤੇ 10 ਦੇ ਪਬਲਿਕ ਸਕੂਲ ਬੋਰਡ ਟ੍ਰਸੱਟੀ ਦੀ ਉਮੀਦਵਾਰ ਹੈ। ਅਗਸਤ 22 ਦਿਨ ਐਤਵਾਰ ਨੂੰ ਉਹਨਾਂ ਦੇ ਚੋਣ ਪ੍ਰਚਾਰ ਦੀ ਸ਼ੁਰੂਆਤ ਦਾ ਸਮਾਗਮ ਫੈਲਕਿਨਰਿਜ ਦੇ ਕਮਿਊਨਿਟੀ ਹਾਲ ਵਿੱਚ ਹੋਇਆ ਜਿਸ ਵਿੱਚ ਉਸਦੇ ਸਪੋਰਟਰਾਂ ਦੀ ਭਰਵੀਂ ਗਿਣਤੀ ਨੇ ਭਾਗ ਲਿਆ। ਰਿਚਰਡ ਹੇਹਰ ਵਾਰਡ 8 ਤੇ 9 ਦੇ ਪਬਲਕਿ ਸਕੂਲ ਬੋਰਡ ਟ੍ਰਸਟੀ, ਕੈਂਟ ਹੇਹਰ ਸਾਬਕਾ ਐਮ.ਐਲ.ਏ. ਰੌਡ ਲੋਇਲਾ ਐਮ.ਐਲ.ਏ. ਐਨਡੀਪੀ, ਜਾਰਜ ਚਾਹਲ ਕਾਂਊਂਸਲਰ ਅਤੇ ਐਮਪੀ ਉਮੀਦਵਾਰ, ਅਰਸ਼ਦ ਮੈਹਮੂਦ, ਪ੍ਰੈਜ਼ੀਡੈਂਟ ਬੋ ਰਿਵਰ ਕਾਲਿਜ, ਅਡੈਨੈਚ ਸੇਹਲੀ, ਪ੍ਰੈਜ਼ੀਡੈਂਟ ਇਮੀਗ੍ਰੇਟ ਆਊਟਰੀਚ ਸੋਸਾਇਟੀ ਅਤੇ ਵੱਖ ਵੱਖ ਕਮਿਊਨੀਟੀਜ਼ ਦੇ ਪ੍ਰਤੀਨਿਧ ਉਸ ਦੇ ਸਹਿਯੋਗੀ ਬਣ ਆਏ। ਉਹਨਾਂ ਆਪਣੇ ਭਾਸ਼ਨ ਵਿੱਚ ਹੁਮੈਰਾ ਫਲਕ ਦੀ ਮਿਹਨਤੀ, ਲਗਨ ਵਾਲੀ ਅਤੇ ਕਮਿਊਨਿਟੀ ਪ੍ਰਤੀ ਸਮਰਪਤ ਸਖ਼ਸ਼ੀਅਤ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਨ੍ਹਾਂ ਵਾਰਡਾਂ ਵਿੱਚ ਵਸਦੀਆਂ ਬਹੁਤ ਸਾਰੀਆਂ ਡਾਇਵਰਸ ਕਮਿਊਨਿਟੀਜ਼ ਦੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀਆਂ ਲੋੜਾਂ ਜ਼ਰੂਰਤਾਂ ਮੁਸ਼ਕਲਾਂ ਅਤੇ ਤਕਲੀਫ਼ਾਂ ਦੀ ਗੱਲ ਹੂਮੈਰਾ ਫਲਕ ਸਕੂਲ ਬੋਰਡ ਤੱਕ ਪੁਚਾਉਣ ਦੇ ਸਭ ਤੋਂ ਵੱਧ ਸਮਰਥ ਹੈ। ਹੁਮੈਰਾ ਫਲਕ ਨੇ ਕਿਹਾ ਕਿ ਉਸ ਦੀਆਂ ਆਪਣੀਆਂ ਬੱਚੀਆਂ ਇਸ ਏਰੀਏ ਦੇ ਪਬਲਿਕ ਸਕੂਲ ਵਿੱਚ ਹੀ ਪੜ੍ਹਦੀਆਂ ਹਨ ਇਸ ਲਈ ਉਹ ਸਕੂਲਾਂ ਅਤੇ ਸਕੂਲੀ ਪੜ੍ਹਾਈ ਨੂੰ ਦਰਪੇਸ਼ ਮੁੱਦਿਆਂ ਤੋਂ ਬਾਖ਼ੂਬੀ ਵਾਕਿਫ਼ ਹੈ ਅਤੇ ਉਹ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਣ ਲਈ ਵਚਨਬੱਧ ਹੋਵੇਗੀ।

## ਕੈਲਗਰੀ ਦੇ ਮੇਅਰ ਨੇ ਕਰੋਨਾ ਦੀ ਸਥਿੱਤੀ ਸਪਸ਼ਟ ਕਰਨ ਲਈ ਅਲਬਰਟਾ ਸਰਕਾਰ ਨੂੰ ਕੋਸਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੇਅਰ ਨਾਹੀਦ ਨੈਂਸ਼ੀ ਨੇ ਐਲਬਰਟਾ ਦੀ ਜੇਸਨ ਕੈਨੀ ਸਰਕਾਰ ਉੱਪਰ ਦਬਾਅ ਪਾਉਂਦਿਆਂ ਕਿਹਾ ਹੈ ਕਿ ਸੂਬੇ ਭਰ ਵਿੱਚ ਕੋਵਿਡ-19 ਕੇਸਾਂ ਦੇ ਵਧਦੇ ਜਾਣ ਦੇ ਦਰਮਿਆਨ ਸਰਕਾਰ ਨੂੰ ਚਾਹੀਦਾ ਹੈ ਕਿ ਸੂਬਾ ਵਾਸੀਆਂ ਨੂੰ ਸਪਸ਼ਟ ਤਸਵੀਰ ਪੇਸ਼ ਕਰੇ ਤੇ ਅੰਕੜੇ ਤੇ ਮੌਡਲਿੰਗ ਦੀ ਜਾਣਕਾਰੀ ਦੇਵੇ। ਕੈਲਗਰੀ ਪ੍ਰਾਇਡ ਇਵੈਂਟ 'ਤੇ ਪਹੁੰਚੇ ਮੇਅਰ ਨੈਂਸ਼ੀ ਨੇ ਕਿਹਾ ਕਿ ਸਥਿਤੀ ਚਿੰਤਾਜਨਕ ਹੁੰਦੀ ਜਾ ਰਹੀ ਹੈ ਤੇ ਉਹਨਾਂ ਨੂੰ ਹੈਰਾਨੀ ਹੈ ਕਿ ਸਰਕਾਰ ਅਜੇ ਤੱਕ ਵੀ ਪਬਲਿਕ ਹੈਲਥ ਡੇਟਾ ਅਤੇ ਮੌਡਲਿੰਗ ਰਿਲੀਜ਼ ਨਹੀਂ ਕਰ ਸਕੀ ਹੈ। ਉਹਨਾਂ ਕਿਹਾ ਕਿ ਸੂਬੇ ਦੇ ਪ੍ਰੀਮੀਅਰ ਅਤੇ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਦੀ ਚੁੱਪ ਵੱਟੀ ਰੱਖਣਾ ਸਮਝ ਤੋਂ ਪਰੇ ਦੀ ਗੱਲ ਹੈ ਤੇ ਲੋਕਾਂ ਨੂੰ ਸਥਿੱਤੀ ਸਪਸ਼ਟ ਹੋਣੀ ਚਾਹੀਦੀ ਹੈ।


Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE
We ship across Western Canada.
INFO@INNOVATIVESTONECRAFT.CA
WWW.INNOVATIVESTONECRAFT.CA

APNA BAZAAR
APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

Universal Immigration Consultancy
UIC Immigration Consultant
rcic · cric
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖ਼ਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਹਿਾਸਕ ਫੈਸਲਾ ਲਿਆ ਹੈ। ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St
Regina SK S4R 2K4
Regulated Canadian Immigration Consultant, CEO
Member of ICCRC

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
fix AUTO COLLISION
ਆਟੋ ਬਾਡੀ ਦੇ ਤਸੱਲੀਬਖ਼ਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਸੜਕ ਹਾਦਸੇ ਵਿੱਚ ਤਿੰਨ ਨੌਜਵਾਨ ਖਿਡਾਰੀਆਂ ਦੀ ਮੌਤ ਹੋਈ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਸ਼ਨੀਵਾਰ ਦੀ ਸਵੇਰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਇੱਕ ਸੜਕ ਹਾਦਸੇ ਵਿੱਚ 3 ਟੀਨੇਜਰ ਨੌਜਵਾਨਾਂ ਦੀ ਦਰਦਨਾਕ ਮੌਤ ਹੋ ਜਾਣ ਦੀ ਖ਼ਬਰ ਹੈ। ਕੌਰਪੋਰਲ ਵੇਨੈਸਾ ਮੰਨ ਨੇ ਦੱਸਿਆ ਹੈ ਕਿ ਮਰਨ ਵਾਲੇ ਨੌਜਵਾਨਾਂ ਦੀ ਉਮਰ 16 ਤੋਂ 17 ਵਰ੍ਹਿਆਂ ਦੇ ਦਰਮਿਆਨ ਸੀ। ਪੂਰਾ ਸ਼ਹਿਰ ਸੋਗ ਅਤੇ ਸਦਮੇ ਦੀ ਹਾਲਤ ਵਿੱਚ ਹੈ। ਪੁਲਿਸ ਤੋਂ ਹਾਸਲ ਜਾਣਕਾਰੀ ਅਨੁਸਾਰ ਹਾਦਸਾ ਸ਼ਨੀਵਾਰ ਸਵੇਰੇ ਪੌਣੇ 3 ਵਜੇ ਦੇ ਕਰੀਬ 104 ਐਵੇਨਿਉ ਤੇ 16 ਹਜ਼ਾਰ ਬਲੌਕ ਵਿੱਚ ਹੋਇਆ। ਇੱਕ ਗੱਡੀ ਇਕ ਦਰਖ਼ਤ ਵਿੱਚ ਜਾ ਵੱਜੀ ਜਿਸ ਵਿੱਚ ਇਹ ਤਿੰਨੇ ਨੌਜਵਾਨ ਚੱਲ ਵਸੇ ਦੱਸੇ ਜਾਂਦੇ ਹਨ। ਮ੍ਰਿਤਕਾਂ ਦੇ ਪਰਿਵਾਰ ਵਾਲਿਆਂ ਨਾਲ ਸੰਪਰਕ ਕਰ ਲਿਆ ਗਿਆ ਹੈ। ਇਹਨਾਂ ਦੇ ਨਾਮ ਰੋਨਿਨ ਸ਼ਰਮਾ, ਪਾਰਕਰ ਮੈਗਨੁਸਨ ਅਤੇ ਸੈਲੀਬ ਰਾਇਮਰ ਦੱਸੇ ਗਏ ਹਨ ਤੇ ਇਹ ਤਿੰਨੇ ਡੈਲਟਾ ਹੌਕੀ ਅਕੈਡਮੀ ਨਾਲ ਸੰਬੰਧਿਤ ਸਨ। ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

# ਜਸਟਿਨ ਟਰੂਡੋ ਨੇ ਜੌਰਜ ਚਾਹਲ ਦੀ ਚੋਣ ਮੁਹਿੰਮ ਨੂੰ ਦਿੱਤਾ ਵੱਡਾ ਹੁਲਾਰਾ

## ਜੇਸਨ ਕੈਨੀ ਸਾਥੋਂ ਫੰਡ ਲੈ ਕੇ ਹੀ ਸਾਡੀ ਸਰਕਾਰ ਦੀ ਆਲੋਚਨਾ ਕਰਦੇ ਰਹੇ ਹਨ -ਟਰੂਡੋ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਤੋਂ 80× ਰਕਮ ਲੈ ਕੇ ਐਲਬਰਟਾ ਵਿੱਚ ਦੇਣ ਤੋਂ ਬਾਦ ਵੀ ਫੈਡਰਲ ਸਰਕਾਰ ਦੀ ਆਲੋਚਨਾ ਕਰਦੇ ਰਹਿਣ ਵਾਲੀ ਐਲਬਰਟਾ ਦੀ ਜੇਸਨ ਕੈਨੀ ਸਰਕਾਰ ਨੇ ਸੂਬਾ ਵਾਸੀਆਂ ਲਈ ਇੱਕ ਤੋਂ ਬਾਦ ਇੱਕ ਗ਼ਲਤ ਨੀਤੀਆਂ ਬਣਾਈਆਂ ਹਨ। ਬੀਤੀ ਸ਼ਾਮ ਕੈਲਗਰੀ ਸਕਾਇਵਿਊ ਤੋਂ ਲਿਬਰਲ ਉਮੀਦਵਾਰ ਜੌਰਜ ਚਾਹਲ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਕੈਲਗਰੀ ਪਹੁੰਚੇ ਲਿਬਰਲ ਲੀਡਰ ਨੇ ਕਿਹਾ ਕਿ ਜੇਸਨ ਕੈਨੀ ਨੇ ਆਪਣੀਆਂ ਗ਼ਲਤ ਨੀਤੀਆਂ ਦਾ ਭਾਂਡਾ ਨਾਰਥ ਈਸਟ ਦੇ ਲੋਕਾਂ ਦੇ ਸਿਰ ਭੰਨਿਆ ਤੇ ਮਹਾਮਾਰੀ ਦੌਰਾਨ ਸਭ ਤੋਂ ਔਖਾ ਕੰਮ ਕਰਨ ਵਾਲੇ ਹੈਲਥ ਕੇਅਰ ਵਰਕਰਾਂ ਨਾਲ ਹੀ ਧੋਖਾ ਕੀਤਾ ਤੇ ਉਹਨਾਂ ਨੂੰ ਮਿਲਣ ਵਾਲੀ ਤਨਖਾਹ ਤੇ ਹੋਰ ਭੱਤਿਆਂ ਵਿੱਚ ਕਟੌਤੀ ਕਰਨ ਦਾ ਐਲਾਨ ਕਰ ਦਿੱਤਾ। ਟਰੂਡੋ ਨੇ ਕਿਹਾ ਕਿ ਫੈਡਰਲ ਕੰਜ਼ਰਵੇਟਿਵ ਪਾਰਟੀ ਲੀਡਰ ਐਰਿਨ ? ਟੂਲ ਨੂੰ ਚਾਹੀਦਾ ਸੀ ਕਿ ਉਹ ਐਲਬਰਟਾ ਵਾਸੀਆਂ ਦਾ ਸਾਥ ਦਿੰਦੇ ਪਰ ਉਹ ਜੇਸਨ ਕੈਨੀ ਨਾਲ ਹੀ ਹੱਥ ਮਿਲਾਈ ਜਾਂਦੇ ਰਹੇ। ਵਾਇਟਹੌਰਨ ਕਮਿਊਨਿਟੀ ਹਾਲ ਵਿੱਚ ਰੱਖੇ ਗਏ ਇਸ ਪ੍ਰੋਗਰਾਮ ਵਿੱਚ ਕੈਲਗਰੀ ਦੇ ਸਾਰੇ ਲਿਬਰਲ ਉਮੀਦਵਾਰ ਤੇ ਸਾਬਕਾ ਐਮ ਪੀ ਕੈਂਟ ਹੇਰ੍ਹ ਵੀ ਹਾਜ਼ਰ ਸਨ। ਜੌਰਜ ਚਾਹਲ ਨੇ ਲਿਬਰਲ ਲੀਡਰ ਟਰੂਡੋ ਨੂੰ ਹਾਜ਼ਰੀਨ ਦੇ ਸਨਮੁੱਖ ਕਰਵਾਇਆ ਤੇ ਕਿਹਾ ਕਿ ਉਹਨਾਂ ਨੇ ਕੌਂਸਲਰ ਰਹਿੰਦਿਆਂ ਇਸ ਇਲਾਕੇ ਵਿੱਚ ਕਈ ਨਵੇਂ ਪ੍ਰੋਜੈਕਟ ਲਿਆਂਦੇ ਤੇ ਜੀਵਨ ਦੇ ਹਰ ਫੀਲਡ ਵਿੱਚ ਬਿਹਤਰੀ ਲਿਆਉਣ ਅਤੇ ਲੋਕਾਂ ਦੀ ਪਹੁੰਚ ਵਿੱਚ ਰਹਿਣ ਲਈ ਉਹਨਾਂ ਨੇ ਬਹੁਤ ਯਤਨ ਕੀਤੇ।

ਪ੍ਰਾਇਮ ਮਨਿਸਟਰ ਨੇ ਕਿਹਾ ਕਿ ਪੈਨਡੈਮਿਕ ਦੌਰਾਨ ਸਰਕਾਰ ਨੇ ਇਕੌਨੋਮੀ ਨੂੰ ਬਚਾਉਣ ਲਈ ਲੋਕਾਂ ਦੀ ਜੇਬ ਵਿੱਚ ਰਕਮ ਪਾਈ ਜਦੋਂ ਕਿ ਕੰਜ਼ਰਵੇਟਿਵ ਅਜਿਹਾ ਕਰਨ ਤੋਂ ਨਾਂਹ ਕਰਦੇ ਰਹੇ। ਭਾਵੇਂ ਅਲਬਰਟਾ ਸੂਬੇ ਅੰਦਰ ਇਸ ਸਮੇਂ ਲਿਬਰਲਾਂ ਦਾ ਕੋਈ ਅਧਾਰ ਨਹੀਂ ਹੈ । ਕੈਲਗਰੀ ਸਕਾਈਵਿਊ ਰਾਈਡਿੰਗ ਤੋਂ ਪਿਛਲੀਆਂ ਚੋਣਾਂ ਮੌਕੇ ਕੰਜ਼ਰਵੇਟਿਵ ਉਮੀਂਦਵਾਰ ਬੀਬਾ ਜਗਦੀਪ ਕੌਰ ਸਹੋਤਾ ਜਿੱਤੇ ਸਨ ਪਰ ਇਸ ਵਾਰ ਇਸ ਨੂੰ ਬਦਲਵੇਂ ਰੂਪ ਵਿੱਚ ਦੇਖਿਆ ਜਾ ਰਿਹਾ ਹੈ ਸਾਇਦ ਇਹੀ ਕਾਰਣ ਹੈ ਕਿ ਟਰੂਡੋ ਸਾਹਿਬ ਥੋੜੇ ਦਿਨਾਂ ਵਿੱਚ ਹੀ ਇਸ ਰਾਈਡਿੰਗ ਦੇ ਦੋ ਚੱਕਰ ਲਗਾ ਚੁੱਕੇ ਹਨ।......

# ਮੂਲ ਨਿਵਾਸੀਆਂ ਵਾਸਤੇ ਟੈਕਸ ਛੋਟ ਲਈ ਜਾਰੀ ਹੁੰਦੇ ਕਾਰਡ ਹੁਣ ਬੰਦ ਕਰ ਦਿੱਤੇ ਗਏ ਹਨ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਮੂਲ ਨਿਵਾਸੀਆਂ ਨੂੰ ਟੈਕਸ ਛੋਟ ਵਾਸਤੇ ਦਿੱਤੇ ਜਾਂਦੇ ਪ੍ਰੋਵਿੰਸ਼ੀਅਲ ਟੈਕਸ ਐਗਜ਼ੈਂਪਸ਼ਨ ਕਾਰਡ ਜਾਰੀ ਕਰਨੇ ਬੰਦ ਕਰਨ ਦਾ ਫੈਸਲਾ ਲਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਮੂਲ ਨਿਵਾਸੀਆਂ ਨੂੰ ਜਾਰੀ ਫੈਡਰਲ ਆਇਡੈਂਟਿਟੀ ਕਾਰਡ ਹੀ ਇਸ ਕੰਮ ਲਈ ਵਰਤੇ ਜਾ ਸਕਣਗੇ ਤੇ ਸੂਬੇ ਵੱਲੋਂ ਵੱਖਰੇ ਕਾਰਡ ਦੇਣ ਦੀ ਲੋੜ ਨਹੀਂ ਹੈ। ਅਕਤੂਬਰ ਤੋਂ ਐਲਬਰਟਾ ਇੰਡੀਅਨ ਟੈਕਸ ਐਗਜ਼ੈਂਪਸ਼ਨ ਕਾਰਡ ਜਾਰੀ ਨਹੀਂ ਹੋਣਗੇ

PUNJAB LAND DOCUMENTS WRITER & SERVICES PROVIDER (REGD.)
ਕੈਨੇਡਾ ਬੈਠਿਆਂ ਹੀ ਹੁਣ ਤੁਸੀਂ ਆਪਣੇ ਪੰਜਾਬ ਨਾਲ ਸਬੰਧਿਤ ਇਹੋ ਜਿਹੇ ਕੰਮ ਕਰਵਾ ਸਕਦੇ ਹੋ।
1. ਜ਼ਮੀਨਾਂ ਦੀ ਜਮਾਂਬੰਦੀ ਪ੍ਰਾਪਤ ਕਰੋ, ਮਾਲਕੀ, ਗਿਰਦਾਵਰੀ, ਫਰਦ ਨਾਲ ਛੇੜਛਾੜ ਦੇਖੋ, ਰਕਬਾ ਕੱਢਿਆ ਜਾਂਦਾ ਹੈ।
2. ਜ਼ਮੀਨ ਟਰਾਂਸਫਰ, ਤਕਸੀਮ, ਕੇਸ ਪੈਰਵੀ, ਮੋਟਰ ਕੁਨੈਕਸਨ, ਵਸੀਅਤ (Wills), ਮੁਖਤਿਆਰਨਾਮੇ (Attorney) ਕਿਰਾਏਨਾਮਾ, ਭੌਂ ਮਾਮਲਾ, ਤਬਾਦਲਾ, ਜ਼ਮੀਨੀ ਹੱਕ ਆਦਿ।
3. ਜ਼ਮੀਨ ਮਾਲਕ ਦੀ ਮੌਤ ਪਿੱਛੋਂ ਵਰਾਸਤ, ਕਿਸੇ ਕਿਸਮ ਦੇ ਇੰਤਕਾਲ (Mutation), ਨਾਮ ਕਰਵਾਉਣਾ।
4. ਫੈਮਿਲੀ ਵੰਡ, ਹਲਫੀਆ ਬਿਆਨ, ਅਥਾਰਟੀ ਲੈਟਰ, ਫਰਦ ਬਦਰ (ਸੋਧ), ਗਿਰਦਾਵਰੀ ਦਰੁਸਤੀ, ਵਾਰਸ ਸਰਟੀਫਿਕੇਟ, Pan Card, ਪੈਨ ਕਾਰਡ, ਬੈਂਕਾਂ ਸਬੰਧੀ, ਕਿਸੇ ਮਹਿਕਮੇ ਦੇ N.R.I (ਥਾਣੇ) ਸ਼ਿਕਾਇਤ ਦਰਖਾਸਤਾਂ।
5. ਜ਼ਮੀਨ (ਪ੍ਰਾਪਰਟੀ) ਸਬੰਧੀ ਕੋਈ ਮਸਲਾ-ਝਮੇਲਾ, ਕਬਜਾ, ਅਦਾਲਤੀ ਕੇਸ, ਦਾਜ ਦਹੇਜ, ਜਨਮ ਤੇ ਮੈਰਿਜ ਸਰਟੀਫਿਕੇਟ।
6. ਕਿਸੇ ਤਹਿਸੀਲ, ਦਫ਼ਤਰ ਜਾਂ ਅਦਾਲਤ ਦਾ ਰਿਕਾਰਡ ਲੈਣਾ ਜ਼ਮੀਨੀ ਨਕਸ਼ੇ ਲੈਣੇ।
7. ਜ਼ਮੀਨਾਂ ਦੇ ਦਸਤਾਵੇਜਾਂ ਬਾਰੇ ਰੈ-ਮਸ਼ਵਰਾ, ਧੋਖਾ ਧੜੀ, ਅਦਾਲਤੀ ਸਟੇਅ ਆਦਿ।
8. ਪ੍ਰਾਪਰਟੀ ਵੇਚਣ-ਖਰੀਦਣ ਲਈ, (ਸਿਰਫ ਜਿਲਾ ਲੁਧਿਆਣਾ, ਮੋਗਾ, ਬਰਨਾਲਾ) ਜ਼ਮੀਨਾਂ ਕੈਨੇਡਾ ਬੈਠੇ ਖਰੀਦੋ ਅਤੇ ਨਾਮ ਕਰਵਾਓ।
Office: 6105 Saddlehorn Dr NE Calgary (AB)
A.S.Toor (Documents Writer)
ਅਵਤਾਰ ਸਿੰਘ ਤੂਰ (ਡਾਕੂਮੈਂਟਸ ਰਾਈਟਰ)
587-581-1313
ਈ ਮੇਲ: avtartoor1961@gmail.com
ਤੁਸੀਂ ਖੁਦ ਪੰਜਾਬ ਜਾਕੇ ਦਫਤਰਾਂ ਦੀ ਖੱਜਲ-ਖੁਆਰੀ ਤੋਂ ਬਚਣ ਲਈ, ਆਪਣਾ ਕੀਮਤੀ ਸਮਾਂ ਬਚਾਉਂਦੇ ਹੋਏ ਕੈਲਗਰੀ ਵਿਖੇ ਸਾਡੇ ਦਫਤਰ ਨਾਲ ਸੰਪਰਕ ਕਰੋ।
ਡਾਕੂਮੈਂਟਸ ਇੰਡੀਆ ਰੂਲਜ ਮੁਤਾਬਿਕ ਇੱਥੇ (ਕੈਨੇਡਾ) ਵਿਖੇ ਹੀ ਲਿਖੇ ਜਾਂਦੇ ਹਨ।
All kinds of mobile and immobile properties documents are written and prepared here.
EXPERIENCE FOR 35 YEARS CIVIL COURT IN JAGRAON (LDH) PB.

WARD TIRECRAFT
COMMERCIAL AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
10% OFF
10% off on semi truck alignment when you buy 2 new steer tires.
FREE SERVICES
Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL LAUFENN HANKOOK GENERAL TIRE BFGoodrich COOPER TIRES TOYO TIRES MICHELIN HERCULES TIRES GOODYEAR BRIDGESTONE FALKEN GT RADIAL Firestone Continental YOKOHAMA KUMHO TIRE PIRELLI

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



ਪਾਪ ਕਰਨ ਨਾਲੋਂ ਵੀ ਮਾੜਾ ਹੁੰਦਾ ਹੈ
ਕੀਤੇ ਹੋਏ ਪੁੰਨ ਦਾ ਹੰਕਾਰ ਕਰਨਾ

# ਤੀਜੀ ਲਹਿਰ ਨੂੰ ਕਿਵੇਂ ਰੋਕਿਆ ਜਾਵੇ ?

ਇੱਕ ਵਾਰ ਫਿਰ ਕੋਰੋਨਾ ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਕੁਝ ਦਿਨ ਪਹਿਲਾਂ ਦੇਸ਼ ਭਰ ਵਿੱਚ ਇਨਫੈਕਟਿਡਾਂ ਦੀ ਗਿਣਤੀ ਘਟ ਕੇ 35 ਹਜ਼ਾਰ ਤੋਂ ਹੇਠਾਂ ਆ ਗਈ ਸੀ ਪਰ ਫਿਰ ਇਹ ਆਂਕੜਾ 40 ਹਜ਼ਾਰ ਤੋਂ ਉਪਰ ਪਹੁੰਚ ਗਿਆ ਹੈ। ਹਾਲਾਂਕਿ ਕੁਲ ਮਾਮਲਿਆਂ ਵਿੱਚ ਅੱਧੇ ਤੋਂ ਜ਼ਿਆਦਾ ਇਕੱਲੇ ਕੇਰਲ ਵਿੱਚ ਦਰਜ਼ ਹੋ ਰਹੇ ਹਨ, ਪਰ ਦੂਜੇ ਰਾਜਾਂ ਵਿੱਚ ਵੀ ਜਿਹੀ ਸਹੀ, ਇਨਫੈਕਟਿਡਾਂ ਦੀ ਗਿਣਤੀ ਵਧ ਰਹੀ ਹੈ। ਦੇਸ਼ ਦੇ 41 ਜ਼ਿਲ੍ਹਿਆਂ ਵਿੱਚ ਹਫਤਾਵਾਰੀ ਦਰ ਦਸ ਫੀਸਦੀ ਤੋਂ ਜ਼ਿਆਦਾ ਹੈ। ਇਸ ਲਈ ਕੇਂਦਰੀ ਸਿਹਤ ਮੰਤਰਾਲੇ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਅਗਲੇ ਦੋ ਮਹੀਨੇ ਤਿਉਹਾਰੀ ਮੌਸਮ ਦੇ ਹੋਣਗੇ, ਬਾਜ਼ਾਰਾਂ ਵਿੱਚ ਭੀੜਭਾੜ ਜ਼ਿਆਦਾ ਰਹੇਗੀ ਇਸ ਨਹੀ ਇਸ ਦੌਰਾਨ ਜ਼ਿਆਦਾ ਸਾਵਧਾਨੀ ਵਰਤਣ ਦੀ ਲੋੜ ਹੈ। ਦੇਖਿਆ ਗਿਆ ਹੈ ਕਿ ਤਿਉਹਾਰਾਂ ਦੇ ਬਾਅਦ ਕੋਰੋਨਾ ਇਨਫੈਕਸ਼ਨ ਦੀ ਦਰ ਕੁਝ ਵਧੀ ਹੋਈ ਦਰਜ ਹੁੰਦੀ ਹੈ। ਇਸ ਲਈ ਸਿਹਤ ਮੰਤਰਾਲੇ ਅਤੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਰੋਨਾ ਨਿਯਮਾਂ ਦਾ ਸਖਤੀ ਨਾਲ ਪਾਲਣ ਕਰਨ। ਹੁਣ ਮਹਾਰਾਸ਼ਟਰ ਸਰਕਾਰ ਵੀ ਕੁਝ ਨਿਯਮ-ਕਾਇਦਿਆਂ ਵਿੱਚ ਸਖਤੀ ਕਰਨ ਜਾ ਰਹੀ ਹੈ, ਕਿਉਂਕਿ ਉਥੇ ਫਿਰ ਤੋਂ ਮਾਮਲੇ ਵਧਣੇ ਸ਼ੁਰੂ ਹੋ ਗਏ ਹਨ। ਮੁੰਬਈ ਵਿੱਚ ਦੋ ਹਫਤੇ ਪਹਿਲਾਂ ਮਰੀਜ਼ਾਂ ਦੀ ਗਿਣਤੀ ਘਟ ਕੇ ਦੋ ਸੌ ਤੱਕ ਪਹੁੰਚ ਗਈ ਸੀ ਪਰ ਹੁਣ ਫਿਰ ਤਿੰਨ ਸੌ ਤੋਂ ਉਪਰ ਹੋ ਗਈ ਹੈ। ਕੋਰੋਨਾ ਦੀ ਦੂਜੀ ਲਹਿਰ ਦੇ ਧੀਮੀ ਪੈਂਦੇ ਹਨ ਫਿਰ ਤੋਂ ਓਹੀ ਮਨਮਾਨੀਆਂ ਅਤੇ ਲਾਪ੍ਰਵਾਹੀਆਂ ਦੇਖੀਆਂ ਜਾਣ ਲੱਗੀਆਂ ਹਨ, ਜੋ ਪਹਿਲੀ ਲਹਿਰ ਦੇ ਬਾਅਦ ਦੇਖੀਆਂ ਗਈਆਂ ਸਨ। ਉਦੋਂ ਬਾਜ਼ਾਰਾਂ, ਜਨਤਕ ਸਥਾਨਾਂ, ਜਨਤਕ ਵਾਹਨਾ, ਵਿਆਹ-ਸ਼ਾਦੀਆਂ ਆਦਿ ਵਿੱਚ ਲੋਕਾਂ ਨੇ ਜ਼ਰੂਰੀ ਅਹਿਤਿਆਤੀ ਉਪਾਵਾਂ ’ਤੇ ਅਮਲ ਕਰਨਾ ਬੰਦ ਕਰ ਦਿੱਤਾ ਸੀ। ਇਸ ਵਾਰ ਵੀ ਉਸੇ ਤਰ੍ਹਾਂ ਹੋਣ ਲੱਗਾ ਹੈ। ਹੁਣ ਸਾਰੇ ਬਾਜ਼ਾਰ ਖੁੱਲ੍ਹ ਗਏ ਹਨ, ਹਫਤਾਵਾਰੀ ਮੰਡੀਆਂ ਵੀ ਲੱਗਣ ਲੱਗੀਆਂ ਹਨ, ਜਨਤਕ ਵਾਹਨ ਪੂਰੀ ਗਿਣਤੀ ਨਾਲ ਚੱਲਣ ਲੱਗੇ ਹਨ। ਇਸ ਵਿੱਚ ਹੱਥ ਧੋਂਦੇ ਰਹਿਣ, ਨੱਕ-ਮੂੰਹ ਢੱਕਣ ਤੱਕ ਦੀ ਜ਼ਰੂਰਤ ਬਹੁਤ ਸਾਰੇ ਲੋਕਾ ਨਹੀਂ ਸਮਝਦੇ। ਅਨੇਕ ਲੋਕ ਹੁਣ ਵੀ ਕੋਰੋਨਾ ਰੋਕੂ ਟੀਕਾ ਲਗਵਾਉਣ ਨੂੰ ਲੈ ਕੇ ਸ਼ੰਕਿਆਂ ਵਿੱਚ ਹਨ। ਅਜਿਹੇ ਵਿੱਚ ਸਰਕਾਰ ਦੀ ਚਿੰਤਾ ਸਮਝੀ ਜਾ ਸਕਦੀ ਹੈ। ਵਪਾਰਕ ਸਰਗਰਮੀਆਂ ਅਤੇ ਲੋਕਾਂ ਦੇ ਰੋਜ਼ਾਨਾ ਦੇ ਕੰਮਕਾਜ ਨੂੰ ਲੰਬੇ ਸਮੇਂ ਤੱਕ ਰੋਕ ਕੇ ਇਨਫੈਕਸ਼ਨ ’ਤੇ ਕਾਬੂ ਪਾਉਣ ਦਾ ਯਤਨ ਵਿਵਹਾਰਿਕ ਨਹੀਂ ਕਿਹਾ ਜਾ ਸਕਦਾ। ਲੋਕਾਂ ਨੂੰ ਖੁਦ ਆਪਣੀ ਸਿਹਤ ਅਤੇ ਜੀਵਨ ਨੂੰ ਸੰਕਟ ਵਿੱਚ ਪੈਣ ਤੋਂ ਬਚਾਉਣ ਨੂੰ ਲੈ ਕੇ ਸਾਵਧਾਨ ਰਹਿਣਾ ਹੋਵੇਗਾ। ਹਰ ਵਿਅਕਤੀ ਕੇਵਲ ਆਪਣੀ ਚਿੰਤਾ ਕਰਨ ਲੱਗੇ, ਤਾਂ ਇਸ ਸਮੱਸਿਆ ਨੂੰ ਰੋਕਣ ਵਿੱਚ ਵੱਡੀ ਕਾਮਯਾਬੀ ਮਿਲ ਸਕਦੀ ਹੈ। ਪਰ ਲੋਕਾਂ ਵਿੱਚ ਵਿਅਕਤੀਗਤ ਜਾਗਰੂਕਤਾ ਬਣਾਈ ਰੱਖਣ ਦੇ ਨਾਲ-ਨਾਲ ਅਜਿਹੇ ਆਯੋਜਨਾਂ ’ਤੇ ਵੀ ਕੰਟਰੋਲ ਰੱਖਣ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਨਾਲ ਅਰਥ ਵਿਵਸਥਾ ’ਤੇ ਸਿੱਧਾ ਕੋਈ ਅਸਰ ਨਹੀਂ ਪੈਂਦਾ। ਖਾਸ ਕਰਕੇ ਸਿਆਸੀ ਦਲਾਂ ਨੂੰ ਇਸ ਮਾਮਲੇ ਵਿੱਚ ਗੰਭੀਰਤ ਨਾਲ ਸੋਚਣ ਦੀ ਲੋੜ ਹੈ ਕਿ ਉਹ ਜਿਸ ਤਰ੍ਹਾਂ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਦੇ ਲਈ ਰੈਲੀਆਂ ਕੱਢਦੇ ਹਨ, ਉਸ ਨਾਲ ਇਨਫੈਕਸ਼ਨ ਦੇ ਪ੍ਰਸਾਰ ਦੇ ਸ਼ੰਕੇ ਬਣੇ ਰਹਿੰਦੇ ਹਨ। ਪਿਛਲੇ ਦਿਨੀਂ ਵਿਰੋਧੀ ਦਲਾਂ ਨੇ ਕਈ ਵਾਰ ਰੈਲੀਆਂ ਆਯੋਜਿਤ ਕੀਤੀਆਂ। ਹਾਲੇ ਭਾਜਪਾ ਦੇਸ਼ ਭਰ ਵਿੱਚ ਜਨ ਅਸ਼ੀਰਵਾਦ ਯਾਤਰਾ ਕੱਢ ਰਹੀ ਹੈ ਜਿਸ ਵਿੱਚ ਭਾਰੀ ਗਿਣਤੀ ਵਿੱਚ ਲੋਕ ਇਕੱਠੇ ਹੋ ਰਹੇ ਹਨ। ਜਿਨ੍ਹਾਂ ਸੂਬਿਆਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹਨ, ਉਥੇ ਵੀ ਰੈਲੀਆਂ ਦਾ ਸਿਲਸਿਲਾ ਵਧਦਾ ਜਾ ਰਿਹਾ ਹੈ। ਪੱਛਮੀ ਬੰਗਾਲ ਵਿਧਾਨ ਸਭਾ ਅਤੇ ਉਤਰ ਪ੍ਰਦੇਸ਼ ਵਿੱਚ ਪੰਚਾਇਤ ਚੋਣਾਂ ਦਾ ਅਨੁਭਵ ਹਾਲੇ ਲੋਕ ਭੁੱਲੇ ਨਹੀਂ ਹਨ। ਅਜਿਹੀਆਂ ਸਿਆਸੀ ਸਰਗਰਮੀਆਂ ਵਿੱਚ ਲੋਕਾਂ ਦਾ ਇਕ ਤੋਂ ਦੂਜੇ ਸੂਬਿਆਂ ਵਿੱਚ ਲਗਾਤਾਰ ਆਉਣਾ-ਜਾਣਾ ਲੱਗਿਆ ਰਹਿੰਦਾ ਹੈ, ਜਿਸ ਵਿੱਚ ਕੋਰੋਨਾ ਨਿਯਮਾਂ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ। ਇਸ ਲਈ ਤੀਜੀ ਲਹਿਰ ਦੇ ਖਤਰੇ ਨੂੰ ਭਾਂਪਦੇ ਹੋਏ ਨਾ ਸਿਰਫ ਆਮ ਲੋਕਾਂ, ਬਲਕਿ ਸਿਆਸੀ ਦਲਾਂ ’ਤੇ ਵੀ ਕੋਰੋਨਾ ਨਿਯਮਾਂ ਦੇ ਪਾਲਣ ਦਾ ਕਠੋਰ ਦਬਾਅ ਬਣਿਆ ਰਹਿਣਾ ਚਾਹੀਦਾ ਹੈ।

ਸੁਖਜਿੰਦਰ ਸਮਰਾ
ਮੋ. 95835-92000

403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਕਰਨਾਲ ਕੋਲ ਕਿਸਾਨਾ ‘ਤੇ ਹਰਿਆਣਾ ਸਰਕਾਰ ਵੱਲੋਂ ਜ਼ਾਲਮਾਨਾ ਹਮਲਾ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਦੀ ਕਠਪੁਤਲੀ ਮਨੋਹਰ ਲਾਲ ਖੱਟਰ ਦੀ ਹਰਿਆਣਾ ਸਰਕਾਰ ਨੇ ਸ਼ਾਂਤਮਈ ਵਿਰੋਧ ਕਰਨ ਲਈ ਕਰਨਾਲ ਕੋਲ ਬਸਤਾੜਾ ਪਲਾਜ਼ਾ ‘ਤੇ ਇਕੱਠੇ ਹੋਏ ਕਿਸਾਨਾ ‘ਤੇ ਕਾਤਲਾਨਾ ਹਮਲਾ ਕਰਕੇ ਕਰਨਾਲ ਜਿਲ੍ਹੇ ਦੇ ਰਾਏਪੁਰ ਜਟਾਨਾ ਪਿੰਡ ਦੇ ਇਕ ਕਿਸਾਨ ਸ਼ੁਸ਼ੀਲ ਕਾਜ਼ਲ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ ਅਤੇ ਸੈਂਕੜੇ ਕਿਸਾਨਾ ਨੂੰ ਬੇਰਹਿਮੀ ਨਾਲ ਜ਼ਖ਼ਮੀ ਕਰਕੇ ਸਿਆਸੀ ਤਾਕਤ ਦੇ ਹੰਕਾਰ ਦਾ ਪ੍ਰਗਟਾਵਾ ਕੀਤਾ ਹੈ। 64 ਕਿਸਾਨ ਵੱਖ-ਵੱਖ ਹਸਪਤਾਲਾਂ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਸਿਆਸੀ ਤਾਕਤ ਵੀ ਲੋਕ ਜੇ ਦੇਣਾ ਜਾਣਦੇ ਹਨ, ਤਾਂ ਉਹ ਉਸਨੂੰ ਖੋਹਣਾ ਵੀ ਜਾਣਦੇ ਹਨ। ਹਰਿਆਣਾ ਸਰਕਾਰ ਦੀ ਇਹ ਅਣਮਨੁੱਖੀ ਕਾਰਵਾਈ ਖੱਟਰ ਸਰਕਾਰ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਦਾ ਕੰਮ ਕਰੇਗੀ। ਏਥੇ ਹੀ ਬਸ ਨਹੀਂ ਸਗੋਂ ਕੇਂਦਰ ਸਰਕਾਰ ਦੀ ਸ਼ਾਖ਼ ਨੂੰ ਵੀ ਅਜਿਹਾ ਖ਼ੋਰਾ ਲਾਏਗੀ, ਜਿਸ ਨੇ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿੱਚ ਸਰਕਾਰ ਦੇ ਦੁਬਾਰਾ ਬਣਨ ‘ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਕਿਉਂਕਿ ਦੇਸ਼ ਦਾ ਕੋਈ ਵੀ ਨਾਗਰਿਕ ਹਰਿਆਣਾ ਸਰਕਾਰ ਦੀ ਇਹ ਅਣਮਨੁੱਖੀ ਬੇਹੁਦਗੀ ਨੂੰ ਪਸੰਦ ਨਹੀਂ ਕਰੇਗਾ। ਜਿਹੜੀ ਖੱਟਰ ਸਰਕਾਰ ਨੇ ਖ਼ੂਨ ਦੀ ਹੋਲੀ ਖੇਡੀ ਹੈ, ਉਸਦਾ ਇਵਜਾਨਾ ਉਸਨੂੰ ਹਰ ਹਾਲਤ ਵਿੱਚ ਭੁਗਤਣਾ ਪਵੇਗਾ। ਪਰਜਾਤੰਤਰ ਵਿੱਚ ਸ਼ਾਂਤਮਈ ਵਿਰੋਧ ਕਰਨਾ ਜ਼ੁਰਮ ਨਹੀਂ ਹੈ। ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਵਿੱਚ ਜਨਰਲ ਓਡਵਾਇਰ ਰੂਹ ਪ੍ਰਵੇਸ਼ ਕਰ ਗਈ ਹੈ, ਜਿਸਨੂੰ ਭਾਰਤੀ ਕਿਸਾਨਾਂ ਦੀ ਆਜ਼ਾਦੀ ਤੋਂ ਖ਼ਤਰਾ ਪੈਦਾ ਹੋ ਗਿਆ ਹੈ। ਖ਼ੂਨ ਨਾਲ ਲੱਥ ਪੱਥ ਹੋਏ ਕਿਸਾਨਾ ਨੂੰ ਵੇਖਕੇ ਅੰਗਰੇਜ਼ਾਂ ਦੇ ਰਾਜ ਦਾ ਭੁਲੇਖਾ ਪੈਣ ਲੱਗ ਗਿਆ। ਗ਼ਲਤੀ ਲਈ ਮੁਆਫ਼ੀ ਮੰਗਣ ਦੀ ਥਾਂ ਮਨੋਹਰ ਲਾਲ ਖੱਟਰ ਅਜੇ ਵੀ ਹੰਕਾਰ ਵਿੱਚ ਕਿਸਾਨਾਂ ਨੂੰ ਚੇਤਾਵਨੀ ਦੇ ਰਹੇ ਹਨ। ਪਰਜਾਤੰਤਰ ਵਿੱਚ ਸਿਵਲ ਅਤੇ ਪੁਲਿਸ ਅਧਿਕਾਰੀ ਤੇ ਕਰਮਚਾਰੀ ਲੋਕਾਂ ਦੇ ਸੇਵਕ ਹੁੰਦੇ ਹਨ। ਉਨ੍ਹਾਂ ਦੀ ਪਰਜਾ ਦੇ ਜਾਨ ਮਾਲ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ ਪ੍ਰੰਤੂ ਹਰਿਆਣਾ ਸਰਕਾਰ ਦੇ ਸਬ ਡਵੀਜ਼ਨਲ ਮੈਜਿਸਟਰੇਟ ਆਯੂਸ਼ ਸਿਨਹਾ ਵਿੱਚ ਕਾਤਲਾਂ ਦੀ ਰੂਹ ਪ੍ਰਵੇਸ਼ ਕਰ ਗਈ ਹੈ, ਜਿਨ੍ਹਾਂ ਆਨ ਰਿਕਾਰਡ ਕਿਹਾ ਹੈ ਕਿ ਕਿਸਾਨ ਮਜ਼ਦੂਰਾਂ ਦੇ ਸਿਰ ਪਾੜ ਦਿਓ, ਜੋ ਵੀਡੀਓ ਵਿੱਚ ਸੁਣਾਈ ਦਿੰਦਾ ਹੈ। ਆਯੂਸ਼ ਸਿਨਹਾ ਕਹਿ ਰਹੇ ਹਨ“ ਜੇਕਰ ਕਿਸਾਨ ਮਜ਼ਦੂਰ ਬੈਰੀਕੇਡ ਦੇ ਸਾਹਮਣੇ ਆ ਜਾਂਦੇ ਹਨ ਤਾਂ ਉਨ੍ਹਾਂ ਦੇ ਸਿਰ ਪਾੜ ਦਿਓ, ਜੇਕਰ ਕੋਈ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦੇ ਡਾਂਗਾਂ ਮਾਰੋ। ਮੈਂ ਉਨ੍ਹਾਂ ਦੇ ਸਿਰ ਪਾੜਨ ਦੇ ਆਦੇਸ਼ ਦਿੰਦਾ ਹਾਂ। ਕਿਸੇ ਲਿਖਤੀ ਦਿਸ਼ਾ ਨਿਰਦੇਸ਼ ਦੀ ਜ਼ਰੂਰਤ ਨਹੀਂ। ਇਸ ਬਲਾਕ ਨੂੰ ਕਿਸੇ ਵੀ ਹਾਲਤ ਵਿੱਚ ਟੁੱਟਣ ਨਹੀਂ ਦਿੱਤਾ ਜਾਵੇਗਾ। ਪਿਛੋਂ ਹੋਰ ਫ਼ੋਰਸ ਲੱਗੀ ਹੋਈ ਹੈ। ਹੈਲਮਟ ਪਹਿਨੋ ਇਥੋਂ ਤੱਕ ਕਿ ਇਕ ਵੀ ਵਿਅਕਤੀ ਨੂੰ ਜਾਣ ਨਾ ਦੇਵੋ। ਜੇ ਉਹ ਜਾਂਦਾ ਹੈ ਤਾਂ ਉਸਦਾ ਸਿਰ ਪਾਟਣਾ ਚਾਹੀਦਾ ਹੈ।” ਹੈਰਾਨੀ ਇਸ ਗੱਲ ਦੀ ਹੈ ਕਿ ਇਹ ਹੁਕਮ ਇਕ ਆਈ ਏ ਐਸ ਅਧਿਕਾਰੀ ਦੇ ਰਿਹਾ ਹੈ, ਜਿਸਦੀ ਜ਼ਿੰਮੇਵਾਰੀ ਸੰਵਿਧਾਨ ਅਨੁਸਾਰ ਪਰਜਾ ਦੇ ਹਿਤਾਂ ਦੀ ਰਾਖੀ ਕਰਨੀ ਹੁੰਦੀ ਹੈ। ਉਹ ਖੁਦ ਹੀ ਸੰਵਿਧਾਨ ਦੀਆਂ ਧਜੀਆਂ ਉਡਾ ਰਿਹਾ ਹੈ। ਇਹ ਹੁਕਮ ਮੈਜਿਸਟਰੇਟ ਬਿਨਾ ਕਿਸੇ ਪ੍ਰੋਵੋਕੇਸ਼ਨ ਤੋਂ ਪਹਿਲਾਂ ਹੀ ਦੇ ਰਿਹਾ ਜਿਸ ਤੋਂ ਇਕ ਗਿਣੀ ਮਿਥੀ ਸ਼ਾਜਸ਼ ਦਾ ਪਤਾ ਲੱਗਦਾ ਹੈ। ਜੇਕਰ ਕਿਸਾਨ ਕੋਈ ਟਕਰਾਓ ਵਾਲੀ ਕਾਰਵਾਈ ਕਰਦੇ ਫਿਰ ਤਾਂ ਉਹ ਅਥਰੂ ਗੈਸ ਛੱਡਣ ਦੇ ਹੁਕਮ ਦਿੰਦਾ। ਉਸਨੇ ਤਾਂ ਪਹਿਲਾਂ ਹੀ ਇਹ ਹੁਕਮ ਸੁਣਾ ਦਿੱਤੇ ਉਦੋਂ ਤਾਂ ਅਜੇ ਕਿਸਾਨ ਇਕੱਠੇ ਵੀ ਨਹੀਂ ਹੋਏ ਸਨ। ਆਈ ਏ ਐਸ ਅਧਿਕਾਰੀ ਨੂੰ ਚੁਣੇ ਜਾਣ ਤੋਂ ਬਾਅਦ ਟਰੇਨਿੰਗ ਦਿੱਤੀ ਜਾਂਦੀ




ਹੈ ਕਿ ਕਿਸ ਪ੍ਰਕਾਰ ਉਨ੍ਹਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ। ਕੀ ਉਹ ਅਧਿਕਾਰੀ ਸਾਰੇ ਆਈ ਏ ਐਸ ਅਧਿਕਾਰੀਆਂ ਨੂੰ ਬਦਨਾਮ ਨਹੀਂ ਕਰ ਰਿਹਾ ? ਉਹ ਆਈ ਏ ਐਸ ਅਧਿਕਾਰੀ ਕਹਾਉਣ ਦਾ ਹੱਕਦਾਰ ਹੀ ਨਹੀਂ। ਅਜਿਹੇ ਅਧਿਕਾਰੀ ਨੂੰ ਤਾਂ ਨੌਕਰੀ ਵਿੱਚੋਂ ਬਰਖਾਸਤ ਕਰਨ ਦੀ ਮੰਗ ਸੰਯੁਕਤ ਕਿਸਾਨ ਮੋਰਚਾ ਕਰ ਰਿਹਾ ਹੈ। ਇਕ ਗੱਲ ਸੋਚਣ ਵਾਲੀ ਹੈ ਕਿ ਉਹ ਅਧਿਕਾਰੀ ਬਿਨਾ ਸਰਕਾਰ ਦੇ ਹੁਕਮਾ ਤੇ ਅਜਿਹਾ ਨਹੀਂ ਕਰ ਸਕਦਾ। ਅਜਿਹੀ ਹਰਿਆਣਾ ਦੀ ਗ਼ੈਰ ਇਖ਼ਲਾਕੀ ਪੁਲਿਸ ਦੀ ਨਫਰੀ ਹੈ, ਜਿਹੜੀ ਗ਼ੈਰ ਕਾਨੂੰਨੀ ਹੁਕਮਾ ਦੀ ਪਾਲਣਾ ਕਰਕੇ ਆਪਣੇ ਅੰਨ ਦਾਤਾਵਾਂ ‘ਤੇ ਲਾਠੀਆਂ ਵਰ੍ਹਾਉਂਦੀ ਹੋਈ, ਉਨ੍ਹਾਂ ਦੇ ਸਿਰ ਪਾੜਕੇ ਲਹੂ ਲੁਹਾਣ ਕਰ ਦਿੰਦੀ ਹੈ। ਕਾਨੂੰਨ ਦੇ ਰਖਵਾਲੇ ਕਾਨੂੰਨ ਦੀਆਂ ਧਜੀਆਂ ਉਡਾ ਰਹੇ ਹਨ। ਨਿਰਦੋਸ਼ ਅਤੇ ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾ ਦਾ ਡੁਲ੍ਹਿਆ ਖ਼ੂਨ ਅਜਾਈਂ ਨਹੀਂ ਜਾਵੇਗਾ। ਇਸ ਖ਼ੂਨ ਦੀ ਹੋਲੀ ਨੇ ਸਮੁੱਚੇ ਦੇਸ਼ ਦੇ ਕਿਸਾਨਾ ਦਾ ਹੀ ਨਹੀਂ ਸਾਰੇ ਨਾਗਰਿਕਾਂ ਖ਼ੂਨ ਖੌਲਣ ਲਾ ਦਿੱਤਾ ਹੈ। ਹਰਿਆਣਾ ਸਰਕਾਰ ਦੀ ਬੇਹੂਦਗੀ ਨੇ 100 ਸਾਲ ਪਹਿਲਾਂ ਅੰਗਰੇਜ਼ਾਂ ਵੱਲੋਂ ਜਲ੍ਹਿਆਂ ਵਾਲੇ ਬਾਗ ਵਿੱਚ ਖੇਡੀ ਖ਼ੂਨ ਦੀ ਹੋਲੀ ਯਾਦ ਕਰਵਾ ਦਿੱਤੀ ਹੈ। ਹਰਿਆਣਾ ਸਰਕਾਰ ਆਪਣੀ ਪਰਜਾ ਨੂੰ ਵੀ ਅੰਗਰੇਜ਼ੀ ਸਰਕਾਰ ਦੀ ਤਰ੍ਹਾਂ ਵਿਵਹਾਰ ਕਰ ਰਹੀ ਹੈ। ਇਕ ਪਾਸੇ ਉਸੇ ਦਿਨ ਦੇਸ਼ ਦਾ ਪ੍ਰਧਾਨ ਮੰਤਰੀ ਜਲ੍ਹਿਆਂ ਵਾਲੇ ਬਾਗ ਦੀ ਯਾਦਗਾਰ ਦੇ ਨਵੀਨੀਕਰਨ ਦਾ ਉਦਘਾਟਨ ਕਰ ਰਿਹਾ ਹੈ। ਦੂਜੇ ਪਾਸੇ ਹਰਿਆਣਾ ਸਰਕਾਰ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਨੂੰ ਦੂਹਰਾ ਰਹੀ ਹੈ। ਅਸਲ ਵਿੱਚ ਕੇਂਦਰ ਸਰਕਾਰ ਪਿਛਲੇ 9 ਮਹੀਨੇ ਤੋਂ ਤਿੰਨ ਕਾਲੇ ਖੇਤੀ ਕਾਨੂੰਨਾ ਨੂੰ ਰੱਦ ਕਰਵਾਉਣ ਲਈ ਸ਼ਾਂਤਮਈ ਚਲ ਰਹੇ ਕਿਸਾਨ ਅੰਦੋਲਨ ਦੀ ਸਫਲਤਾ ਤੋਂ ਬੁਖਲਾਈ ਹੋਈ ਹੈ, ਜਿਸ ਕਰਕੇ ਉਨ੍ਹਾਂ ਮਨੋਹਰ ਲਾਲ ਖੱਟਰ ਰਾਹੀਂ ਕਿਸਾਨਾ ਨੂੰ ਸਬਕ ਸਿਖਾਉਣ ਅਤੇ ਡਰਾਉਣ ਲਈ ਜ਼ਾਲਮਾਨਾ ਕਾਰਵਾਈ ਕੀਤੀ ਹੈ। ਕਿਉਂਕਿ ਕਿਸਾਨਾ ਨੇ ਪੱਛਵੀਂ ਉਤਰ ਪ੍ਰਦੇਸ਼ ਦੇ ਮੁਜ਼ੱਫ਼ਰ ਨਗਰ ਵਿਖੇ 5 ਸਤੰਬਰ ਨੂੰ ਮਹਾਂ ਕਿਸਾਨ ਪੰਚਾਇਤ ਰੱਖੀ ਹੈ, ਜਿਸ ਵਿੱਚ ਲੱਖਾਂ ਕਿਸਾਨਾ ਦੇ ਸ਼ਾਮਲ ਹੋਣ ਦਾ ਡਰ ਸਰਕਾਰ ਨੂੰ ਸਤਾ ਰਿਹਾ ਹੈ। ਕਿਸਾਨ ਅੰਦੋਲਨ ਕੇਂਦਰ ਸਰਕਾਰ ਦੇ ਗਲੇ ਦੀ ਹੱਡੀ ਬਣ ਚੁੱਕਿਆ ਹੈ। ਉਨ੍ਹਾਂ ਨੂੰ ਫਰਵਰੀ 2022 ਦੀਆਂ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਡਰ ਸਤਾ ਰਿਹਾ ਹੈ। ਕਿਸੇ ਵੀ ਸਤਿਕਾਰਤ ਢੰਗ ਨਾਲ ਕਿਸਾਨ ਅੰਦੋਲਨ ਖ਼ਤਮ ਕਰਵਾਉਣਾ ਚਾਹੁੰਦੇ ਹਨ। ਪ੍ਰੰਤੂ ਕਰਨਾਲ ਦੀ ਘਟਨਾ ਨੇ ਬਲਦੀ ‘ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਜਿਸ ਨਾਲ ਕਿਸਾਨ ਅੰਦੋਲਨ ਹੁਣ ਹੋਰ ਮਜ਼ਬੂਤ ਹੋਵੇਗਾ।

ਹਰਿਆਣਾ ਸਰਕਾਰ ਨੂੰ ਇਸ ਜ਼ੁਲਮ ਦਾ ਇਵਜਾਨਾ ਭੁਗਤਣਾ ਪਵੇਗਾ। ਹਾਲਾਂ ਕਿ ਕਿਸਾਨ ਅਜੇ ਬਸਤਾੜਾ ਟੋਲ ਪਲਾਜ਼ਾ ‘ਤੇ ਇਕੱਠੇ ਹੋ ਰਹੇ ਸਨ। ਕਰਨਾਲ ਦੇ ਡਿਪਟੀ ਕਮਿਸ਼ਨਰ ਬਿਆਨ ਦੇ ਰਹੇ ਹਨ ਕਿ ਕਿਸਾਨ ਹਾਈਵੇ ਬੰਦ ਕਰ ਰਹੇ ਸਨ ਅਤੇ ਮੁੱਖ ਮੰਤਰੀ ਦੇ ਜਲਸੇ ਨੂੰ ਰੋਕਣ ਲਈ ਜਾ ਰਹੇ ਸਨ। ਇਹ ਸਾਰੀ ਗ਼ਲਤ ਬਿਆਨੀ ਹੈ। ਮੁੱਖ ਮੰਤਰੀ ਦਾ ਪ੍ਰੋਗਰਾਮ ਲਾਠੀਚਾਰਜ ਵਾਲੇ ਥਾਂ ਤੋਂ 15 ਕਿਲੋਮੀਟਰ ਦੂਰ ਸੀ। ਇਕ ਪਾਸੇ ਡੀ ਸੀ ਕਹਿ ਰਹੇ ਹਨ ਕਿ ਸ਼ਾਮ ਨੂੰ ਨੈਸ਼ਨਲ ਹਾਈਵੇ ਕਿਸਾਨਾ ਨੇ ਤਿੰਨ ਘੰਟੇ ਲਈ ਬੰਦ ਕਰ ਦਿੱਤਾ ਸੀ। ਫਿਰ ਸਵੇਰੇ ਨੈਸ਼ਨਲ ਹਾਈਵੇ ਕਿਉਂ ਬੰਦ ਨਹੀਂ ਕਰਨ ਦਿੱਤਾ ? ਜੇ ਕਿਸਾਨਾ ਤੇ ਲਾਠੀ ਚਾਰਜ ਨਾ ਕਰਦੇ ਤਾਂ ਫਿਰ ਇਹ ਹਾਲਤ ਨਾ ਬਣਦੀ। ਬਜ਼ੁਰਗ ਕਿਸਾਨਾ ਨੂੰ ਵੀ ਪਾਣੀ ਪੀ ਪੀ ਕੇ ਭਜ ਭਜਾ ਕੇ ਬੁਰੀ ਤਰ੍ਹਾਂ ਕੁੱਟਿਆ ਗਿਆ ਹੈ। ਗੁਰਜੰਟ ਸਿੰਘ ਕਿਸਾਨ ਜਿਸਦੀ ਆਪਣੀ ਅੱਖ ਲਾਠੀਆਂ ਨਾਲ ਭੰਨ ਦਿੱਤੀ ਨੇ ਦੱਸਿਆ ਕਿ ਉਹ ਬਜ਼ੁਰਗ ਕਿਸਾਨਾ ਨੂੰ ਬਚਾਉਣ ਲਈ ਉਨ੍ਹਾਂ ਦ ਉਪਰ ਪੈ ਗਿਆ ਸੀ। ਤਾਊ ਮਹਿੰਦਰ ਸਿੰਘ ਖ਼ੂਨ ਨਾਲ ਲੱਥ ਪੱਥ ਹੋਣ ਦੇ ਬਾਵਜੂਦ ਚੜ੍ਹਦੀ ਕਲਾ ਵਿੱਚ ਵਿਖਾਈ ਦੇ ਰਿਹਾ ਹੈ। ਪਰਜਾਤੰਤਰ ਦੇ ਤਿੰਨ ਮਹੱਤਵਪੂਰਨ ਅੰਗ ਹੁੰਦੇ ਹਨ। ਵਿਧਾਨਕਾਰ, ਐਗਜੈਕਟਿਵ ਅਤੇ ਜੁਡੀਸ਼ਰੀ। ਵਿਧਾਨਕਾਰ ਅਤੇ ਕਾਰਜਕਾਰਨੀ ਆਪਣੇ ਫਰਜਾਂ ਤੋਂ ਕੋਤਾਹੀ ਕਰ ਰਹੇ ਹਨ। ਇਸ ਲਈ ਜੁਡੀਸ਼ਰੀ ਦਾ ਫਰਜ ਬਣਦਾ ਹੈ ਕਿ ਉਹ ਵਾਇਰਲ ਹੋਈਆਂ ਵੀਡੀਓਜ਼ ਅਤੇ ਅਖ਼ਬਾਰਾਂ ਦੀ ਖ਼ਬਰਾਂ ਦੇ ਆਧਾਰ ਤੇ ਆਪ ਹੀ ਨੋਟਿਸ ਲੈ ਕੇ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰੇ ਕਿਉਂਕਿ ਜਿਹੜੇ ਅਧਿਕਾਰੀਆਂ ਨੇ ਪਰਜਾ ਦੇ ਹਿਤਾਂ ਦੀ ਰੱਖਿਆ ਕਰਨੀ ਹੁੰਦੀ ਹੈ, ਉਹ ਕਹਿ ਰਿਹਾ ਹੈ ਕਿ ਕਿਸਾਨ ਮਜ਼ਦੂਰਾਂ ਦੇ ਸਿਰ ਪਾੜ ਦਿਓ। ਲੋਕਾਂ ਨੂੰ ਇਨਸਾਫ ਕਿਵੇਂ ਮਿਲੇਗਾ ਜਦੋਂ ਚੋਰ ਤੇ ਕੁਤੀ ਆਪਸ ਵਿੱਚ ਮਿਲ ਜਾਣ। ਹਰਿਆਣਾ ਦੇ ਕਿਸਾਨਾ ਨੇ ਨੂੰਹ ਵਿਖੇ ਮਹਾਂ ਪੰਚਾਇਤ ਕਰਕੇ ਮਹੱਤਵਪੂਰਨ ਫ਼ੈਸਲੇ ਲਏ ਹਨ, ਜਿਹੜੇ ਹਰਿਆਣਾ ਸਰਕਰ ਦੀਆਂ ਜੜ੍ਹਾਂ ਵਿੱਚ ਕਿਲ ਠੋਕਣਗੇ। ਹੈਰਾਨੀ ਇਸ ਗੱਲ ਦੀ ਹੈ ਕਿ ਖੱਟਰ ਸਰਕਾਰ ਦੀ ਸਹਿਯੋਗੀ ਪਾਰਟੀ ਜੇ ਜੇ ਪੀ ਦੇ ਮੁੱਖੀ ਅਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਕਿਸਾਨਾ ਦੇ ਹਿਤਾਂ ਤੇ ਪਹਿਰਾ ਦੇਣ ਦੀ ਗੱਲ ਕਰ ਰਹੇ ਹਨ। ਇਕ ਕਿਸਮ ਨਾਲ ਲਾਠੀ ਚਾਰਜ ਦੀ ਕਾਰਵਾਈ ਨੂੰ ਸਹੀ ਦਰਸਾ ਰਹੇ ਹਨ। ਇਹ ਵੀ ਕਹਿ ਰਹੇ ਹਨ ਕਿ ਆਯੂਸ਼ ਸਿਨਹਾ ਦੇ ਵਿਰੁਧ ਕਾਰਵਾਈ ਕੀਤੀ ਜਾਵੇਗੀ। ਜੇ ਦੁਸ਼ਿਅੰਤ ਚੌਟਾਲਾ ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਖੱਟਰ ਸਰਕਾਰ ਦੀ ਸਪੋਰਟ ਵਾਪਸ ਲੈ ਕੇ ਕਿਸਾਨਾ ਨਾਲ ਖੜ੍ਹੇ ਹੋ ਜਾਣ। ਜੇਕਰ ਉਹ ਇੰਝ ਨਹੀਂ ਕਰਦੇ ਤਾਂ ਮੁੜਕੇ ਜੇ ਜੇ ਪੀ ਦਾ ਹਰਿਆਣਾ ਵਿੱਚ ਸਫਾਇਆ ਹੋ ਜਾਵੇਗਾ। ਵੈਸੇ ਜੇ ਜੇ ਪੀ ਵਿੱਚੋਂ ਬਗਾਬਤ ਸ਼ੁਰੂ ਹੋ ਗਈ ਹੈ। ਸੀਨੀਅਰ ਨੇਤਾ ਬੀਬੀ ਸੰਤੋਸ਼ ਦਾਹੀਆ ਨੇ ਕਿਸਾਨਾ ਤੇ ਅਣਮਨੁਖੀ ਵਿਵਹਾਰ ਕਰਨ ਕਰਕੇ ਅਤਸੀਫਾ ਦੇ ਦਿੱਤਾ ਹੈ। ਹੋਰ ਵੀ ਅਸਤੀਫੇ ਆਉਣਗੇ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਜੋ ਅੱਜ ਕਲ੍ਹ ਮੇਘਾਲਿਆ ਦੇ ਰਾਜਪਾਲ ਹਨ, ਉਨ੍ਹਾਂ ਨੇ ਇਕ ਟੀ ਵੀ ਦੇ ਨੁਮਾਇੰਦੇ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਸ਼ਹਿ ਤੋਂ ਬਿਨਾ ਐਸ ਡੀ ਐਮ ਅਜਿਹੀ ਹਰਕਤ ਨਹੀਂ ਕਰ ਸਕਦਾ। ਉਨ੍ਹਾਂ ਉਸ ਅਧਿਕਾਰੀ ਦੀ ਬਰਖਾਸਤਗੀ ਦੀ ਮੰਗ ਕੀਤੀ ਹੈ। ਜੇ ਜੇ ਪੀ ਦੇ ਸੱਪ ਦੇ ਮੂਹ ਵਿੱਚ ਕੋਹੜ ਕਿਰਲੀ ਵਾਲੀ ਹਾਲਾਤ ਬਣੀ ਹੋਈ ਹੈ। ਜੇਕਰ ਹਰਿਆਣਾ ਸਰਕਾਰ ਨੇ ਜ਼ਿੰਮੇਵਾਰ ਅਧਿਕਾਰੀਆਂ ਵਿਰੁਧ ਕਾਵਾਈ ਨਾ ਕੀਤੀ ਤਾਂ ਹਰਿਆਣਾ ਦੇ ਕਿਸਾਨ ਹਰਿਆਣਾ ਸਰਕਾਰ ਦੇ ਨੱਕ ਵਿੱਚ ਦਮ ਕਰ ਦੇਣਗੇ।

# ਅਫਗਾਨੀ ਸਿੱਖਾਂ ਦਾ ਭਾਰਤ ਵਿੱਚ ਸਭ ਤੋਂ ਵੱਡਾ ਆਸਰਾ, ਕਾਬਲੀ ਗੁਰਦਵਾਰਾ ਦਿੱਲੀ







ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਅਫਗਾਨਿਸਤਾਨ ਦੇ ਵਿਗੜੇ ਹੋਏ ਹਾਲਾਤ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਭਾਰਤ ਅਤੇ ਪੱਛਮੀ ਦੇਸ਼ਾਂ ਵੱਲ ਹਿਜ਼ਰਤ ਕਰ ਚੁੱਕੇ ਹਨ ਤੇ ਹੁਣ ਤਾਲਿਬਾਨ ਦੇ ਕਬਜ਼ੇ ਨੇ ਇਸ ਵਰਤਾਰੇ ਵਿੱਚ ਇੱਕ ਦਮ ਤੇਜ਼ੀ ਲਿਆ ਦਿੱਤੀ ਹੈ। ਅਫਗਾਨਿਸਤਾਨ ਵਿੱਚ ਇਸ ਵੇਲੇ ਸਿਰਫ ਕੁਝ ਸੌ ਸਿੱਖ ਹੀ ਬਚੇ ਹਨ। ਭਾਰਤ ਵਿੱਚ ਅਫਗਾਨੀ ਸਿੱਖਾਂ ਦੀ ਸਭ ਤੋਂ ਵੱਧ ਅਬਾਦੀ (ਕਰੀਬ 15000) ਦਿੱਲੀ ਵਿੱਚ ਹੈ ਤੇ ਉਸ ਵਿੱਚੋਂ ਕਰੀਬ 90% ਪੱਛਮੀ ਦਿੱਲੀ ਦੇ ਨਿਊ ਮਹਾਂਵੀਰ ਨਗਰ, ਸ਼ਿਵ ਨਗਰ, ਅਸ਼ੋਕ ਨਗਰ, ਫਤਿਹ ਨਗਰ, ਵਿਕਾਸਪੁਰੀ ਅਤੇ ਤਿਲਕ ਨਗਰ ਇਲਾਕਿਆਂ ਵਿੱਚ ਵੱਸਦੀ ਹੈ। ਕਾਬਲੀ ਗੁਰਦਾਵਰਾ ਇਨ੍ਹਾਂ ਦੀ ਤਨ, ਮਨ ਅਤੇ ਧੰਨ ਨਾਲ ਹਰ ਸੰਭਵ ਮਦਦ ਕਰ ਰਿਹਾ ਹੈ। ਤਾਲਿਬਾਨ ਦੇ ਕਬਜ਼ੇ ਕਾਰਨ ਜੋ ਸਿੱਖ ਇਸ ਵੇਲੇ ਭਾਰਤ ਆ ਰਹੇ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਇਹ ਗੁਰਦੁਆਰਾ ਹੀ ਸੰਭਾਲ ਰਿਹਾ ਹੈ। ਇਸ ਗੁਰਦੁਆਰੇ ਦਾ ਅਸਲੀ ਨਾਮ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਹੈ ਤੇ ਇਹ ਤਿਲਕ ਨਗਰ ਦੇ ਮਹਾਂਵੀਰ ਨਗਰ ਇਲਾਕੇ ਵਿਖੇ ਸਥਿੱਤ ਹੈ। ਇਸ ਦੀ ਉਸਾਰੀ 1990 ਵਿੱਚ ਅਫਗਾਨ ਪ੍ਰਵਾਸੀ ਸਿੱਖਾਂ ਵੱਲੋਂ ਕਰਵਾਈ ਗਈ ਸੀ, ਜਿਸ ਕਾਰਨ ਇਸ ਨੂੰ ਆਮ ਬੋਲ ਚਾਲ ਵਿੱਚ ਕਾਬਲੀ ਗੁਰਦੁਆਰਾ ਕਿਹਾ ਜਾਂਦਾ ਹੈ। ਇਸ ਗੁਰਦੁਆਰੇ ਦੇ ਇਲਾਕੇ ਵਿੱਚ ਵੱਸਣ ਵਾਲੇ ਬਜ਼ੁਰਗ ਅਫਗਾਨ ਸਿੱਖਾਂ ਨੂੰ ਆਪਸ ਵਿੱਚ ਪਸ਼ਤੋ ਭਾਸ਼ਾ ਵਿੱਚ ਗੱਲ ਬਾਤ ਕਰਦੇ ਹੋਏ ਆਮ ਹੀ ਸੁਣਿਆ ਜਾ ਸਕਦਾ ਹੈ। ਇਸ ਗੁਰਦਵਾਰੇ ਵਿੱਚ ਅਫਗਾਨਿਸਤਾਨ ਤੋਂ ਬਚਾ ਕੇ ਲਿਆਂਦੇ ਗਏ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸਰੂਪ ਸ਼ਸ਼ੋਭਿਤ ਹਨ।


ਇਸ ਗੁਰਦਵਾਰੇ ਦਾ ਸਾਰਾ ਪ੍ਰਬੰਧ ਅਫਗਾਨ ਸਿੱਖਾਂ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਭਾਲਿਆ ਜਾ ਰਿਹਾ ਹੈ ਤੇ ਅਮੀਰ ਭਾਰਤੀ ਅਤੇ ਪ੍ਰਵਾਸੀ ਅਫਗਾਨ ਸਿੱਖਾਂ ਦੀ ਮਾਇਕ ਸਹਾਇਤਾ ਨਾਲ ਅਫਗਾਨ ਪ੍ਰਵਾਸੀ ਸਿੱਖਾਂ ਦੀ ਮਕਾਨ, ਵਪਾਰ ਅਤੇ ਨੌਕਰੀਆਂ ਹਾਸਲ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ। ਮਾਰਚ 2020 ਵਿੱਚ ਕਾਬਲ ਦੇ ਗੁਰਦਵਾਰਾ ਹਰ ਰਾਏ ਸਾਹਿਬ ‘ਤੇ ਹੋਏ ਅੱਤਵਾਦੀ ਜਥੇਬੰਦੀ ਆਈ.ਐਸ.ਆਈ.ਐਸ ਦੇ ਹਮਲੇ ਵਿੱਚ 25 ਸਿੱਖਾਂ ਦੇ ਮਾਰੇ ਜਾਣ ਤੋਂ ਬਾਅਦ ਭਾਰਤ ਸਰਕਾਰ ਨੇ ਉਥੋਂ ਅਨੇਕਾਂ ਸਿੱਖ ਪਰਿਵਾਰਾਂ ਨੂੰ ਭਾਰਤ ਲਿਆਂਦਾ ਸੀ। ਇਨ੍ਹਾਂ ਵਿੱਚੋਂ ਬਹੁਤੇ ਪਰਿਵਾਰਾਂ ਨੂੰ ਕਾਬਲੀ ਗੁਰਦਵਾਰੇ ਦੀ ਸਹਾਇਤਾ ਨਾਲ ਨਜ਼ਦੀਕ ਹੀ ਮਹਾਂਵੀਰ ਨਗਰ ਵਿੱਚ ਵਸਾਇਆ ਗਿਆ ਹੈ। ਹੁਣ ਲਿਆਂਦੇ ਜਾ ਰਹੇ ਸਿੱਖ ਪਰਿਵਾਰਾਂ ਨੂੰ ਸੰਭਾਲਣ ਵਿੱਚ ਵੀ ਇਹ ਗੁਰਦਵਾਰਾ ਮੋਹਰੀ ਭਮਿਕਾ ਨਿਭਾ ਰਿਹਾ ਹੈ। ਕਾਬਲੀ ਗੁਰਦਵਾਰੇ ਨੇ ਇੱਕ ਅਤਿ ਆਧੁਨਿਕ ਇਮੀਗਰੇਸ਼ਨ ਸਹਾਇਤਾ ਕੇਂਦਰ ਖੋਲ੍ਹਿਆ ਹੋਇਆ ਹੈ ਜੋ ਅਫਗਾਨਿਸਤਾਨ ਤੋਂ ਆ ਰਹੇ ਸਿੱਖਾਂ ਦੀ ਪਾਸਪੋਰਟ, ਵੀਜ਼ਾ ਅਤੇ ਨਾਗਰਿਕਤਾ ਆਦਿ ਸਬੰਧੀ ਦਸਤਾਵੇਜ਼ ਤਿਆਰ ਕਰਨ ਵਿੱਚ ਪ੍ਰਸੰਸਾਯੋਗ ਸੇਵਾ ਨਿਭਾ ਰਿਹਾ ਹੈ। 1990 ਤੱਕ ਅਫਗਾਨਿਸਤਾਨ ਵਿੱਚ ਇੱਕ ਲੱਖ ਦੇ ਕਰੀਬ ਹਿੰਦੂ ਸਿੱਖ ਵੱਸਦੇ ਸਨ ਜਿਨ੍ਹਾਂ ਵਿੱਚੋਂ ਜਿਆਦਤਰ ਸਫਲ ਦੁਕਾਨਦਾਰ ਅਤੇ ਵਪਾਰੀ ਸਨ। ਤਲਿਬਾਨ ਵੱਲੋਂ ਮਿਲ ਰਹੀਆਂ ਲਗਾਤਾਰ ਧਮਕੀਆਂ ਕਾਰਨ ਉਨ੍ਹਾਂ ਨੂੰ ਖਾਲੀ ਹੱਥ ਕਰੋੜਾਂ ਦੇ ਵਪਾਰ ਛੱਡ ਕੇ ਭਾਰਤ ਤੇ ਪੱਛਮੀ ਦੇਸ਼ਾਂ ਵੱਲ ਪ੍ਰਵਾਸ ਕਰਨਾ ਪਿਆ ਹੈ। ਪੱਛਮੀ ਦੇਸ਼ਾਂ ਵੱਲ ਜਾਣ ਵਾਲੇ ਅਫਗਾਨ ਸਿੱਖ ਤਾਂ ਹੁਣ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਹਨ, ਪਰ ਭਾਰਤ ਵਿੱਚ ਮੌਕਿਆਂ ਦੀ ਅਣਹੋਂਦ ਅਤੇ ਸਰਕਾਰਾਂ ਦੀ ਉਦਾਸੀਨਤਾ ਕਾਰਨ ਦਿੱਲੀ ਆ ਰਹੇ ਜਿਆਦਾਤਰ ਸਿਖਾਂ ਨੂੰ ਰੇਹੜੀਆਂ ਲਗਾ ਕੇ ਤੇ ਮਜ਼ਦੂਰੀ ਆਦਿ ਕਰ ਕੇ ਗੁਜ਼ਾਰਾ ਕਰਨਾ ਪੈ ਰਿਹਾ ਹੈ।

ਕਾਬਲੀ ਗੁਰਦੁਆਰਾ ਕਮੇਟੀ ਵੱਲੋਂ 2018 ਦੇ ਜਲਾਲਾਬਾਦ ਅਤੇ 2020 ਦੇ ਕਾਬਲ ਬੰਬ ਧਮਾਕਿਆਂ ਵਿੱਚ ਪਰਿਵਾਰਿਕ ਮੈਂਬਰ ਗਵਾਉਣ ਵਾਲੇ ਸਿਖਾਂ ਦੇ ਘਰਾਂ ਦਾ ਕਿਰਾਇਆ ਅਤੇ ਰਾਸ਼ਨ ਆਦਿ ਲਈ ਹਰ ਮਹੀਨੇ ਇੱਕ ਨਿਸ਼ਚਿਤ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ ਤੇ ਗੁਰੂ ਕਾ ਲੰਗਰ ਅਟੁੱਟ ਵਰਤਦਾ ਹੈ। ਪਹਿਲਾਂ ਇਹ ਆਰਥਿਕ ਸਹਾਇਤਾ ਸਿਰਫ ਇੱਕ ਸਾਲ ਲਈ ਦਿੱਤੀ ਜਾਣ ਦਾ ਫੈਸਲਾ ਹੋਇਆ ਸੀ ਪਰ ਹੁਣ ਇਹ ਸਹਾਇਤਾ ਲਗਾਤਾਰ ਜਾਰੀ ਸਬੰਧੀ ਮਤਾ ਪਾਸ ਕਰ ਦਿੱਤਾ ਗਿਆ ਹੈ। ਦਿੱਲੀ ਦੇ ਅਮੀਰ ਅਫਗਾਨ ਅਤੇ ਹੋਰ ਸਿੱਖ ਸੰਗਤ ਦੀ ਸਹਾਇਤਾ ਨਾਲ ਹਰ ਮਹੀਨੇ 600 ਅਫਗਾਨ ਪਰਿਵਾਰਾਂ ਨੂੰ ਰਾਸ਼ਨ ਦਿੱਤਾ ਜਾਂਦਾ ਹੈ। ਗੁਰਦੁਆਰੇ ਵੱਲੋਂ ਨਾਲ ਲੱਗਦੀ ਇੱਕ ਇਮਾਰਤ ਖਰੀਦ ਕੇ ਫਰੀ ਸਕੂਲ ਵੀ ਚਲਾਇਆ ਜਾ ਰਿਹਾ ਜਿਸ ਵਿੱਚ ਪੜ੍ਹਨ ਵਾਲੇ 300 ਵਿਦਿਆਰਥੀਆਂ ਵਿੱਚੋਂ 90 ਅਫਗਾਨ ਮੁਸਲਿਮ ਰਫਿਊਜ਼ੀ ਹਨ। ਅਫਗਾਨ ਸਿੱਖਾਂ ਨੂੰ ਸਭ ਤੋਂ ਵੱਡੀ ਮੁਸ਼ਕਿਲ ਇਹ ਆ ਰਹੀ ਹੈ ਅਜੇ ਤੱਕ 1990 ਵਿੱਚ ਆਏ ਰਫਿਊਜ਼ੀਆਂ ਨੂੰ ਵੀ ਭਾਰਤੀ ਨਾਗਰਿਕਤਾ ਨਹੀਂ ਮਿਲ ਸਕੀ। ਭਾਰਤ ਸਰਕਾਰ ਦੀ ਇਸ ਬੇਰੁਖੀ ਕਾਰਨ ਹੁਣ ਅਫਗਾਨਿਸਤਾਨ ਛੱਡਣ ਵਾਲੇ ਜਿਆਦਾਤਰ ਸਿੱਖ ਭਾਰਤ ਆਉਣ ਦੀ ਬਜਾਏ ਕੈਨੇਡਾ ਅਤੇ ਅਮਰੀਕਾ ਵੱਲ ਰੁਖ ਕਰ ਰਹੇ ਹਨ।


ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Gagandeep Jattana
639 742 0203
639 999 1000
Email-gaganjattana0203@gmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਨਵੇਂ ਬਣ ਰਹੇ ਘਰ ਦੀ ਛੱਤ ਉਪਰੋਂ ਡਿੱਗਣ ਕਾਰਣ ਕਾਮਾ ਜਖ਼ਮੀ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 26 ਅਗਸਤ ਦੀ ਸਾਮ 7 ਵਜੇ ਦੇ ਕਰੀਬ ਸਾਊਥ ਈਸਟ ਕੈਲਗਰੀ ਦੀ ਮੇਹੋਂਗੇਨੀ ਕਮਿਊਨਿਟੀ ਵਿੱਚ ਨਵੇਂ ਬਣ ਰਹੇ ਇੱਕ ਘਰ ਦੀ ਛੱਤ 'ਤੇ ਕੰਮ ਕਰ ਰਹੇ ਇੱਕ ਕਾਮੇ ਦੇ ਡਿੱਗ ਜਾਣ ਕਾਰਨ ਜ਼ਖ਼ਮੀ ਹੋਣ ਦੀ ਸੂਚਨਾ ਹੈ। ਮਾਸਟਰਜ਼ ਰੋਡ ਦੇ 500 ਬਲੌਕ ਵਿੱਚ ਇਹ ਘਟਨਾ ਹੋਈ ਦੱਸੀ ਜਾਂਦੀ ਹੈ। ਐਮਰਜੰਸੀ ਅਮਲਾ ਮੌਕੇ 'ਤੇ ਪਹੁੰਚ ਗਿਆ ਸੀ। ਇਹ ਵਿਅਕਤੀ ਘਰ ਬਣਾ ਰਿਹਾ ਸੀ ਕਿ ਅਚਾਨਕ ਸੰਤੁਲਨ ਖ਼ਰਾਬ ਹੋਣ ਕਾਰਨ ਡਿੱਗ ਪਿਆ ਤੇ ਨਾਲ ਲੱਗਦੇ ਘਰ ਦੀ ਖੁੱਲ੍ਹੀ ਅਤੇ ਨਿਰਮਾਣ ਅਧੀਨ ਬੇਸਮੈਂਟ ਵਿੱਚ ਜਾ ਡਿੱਗਿਆ। ਏਅਰੀਅਲ ਟਰੱਕ ਅਤੇ ਟੈਕਨਿਕਲ ਰੈਸਕਲਿਊ ਟੀਮ ਨੂੰ ਮੌਕੇ 'ਤੇ ਸੱਦਣਾ ਪਿਆ ਤੇ ਉਸ ਨੂੰ ਬਾਹਰ ਕੱਢਿਆ ਗਿਆ। 32 ਸਾਲਾ ਇਸ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਗਈ ਤੇ ਉਹ ਜੀਵਨ-ਮੌਤ ਦੀ ਲੜਾਈ ਲੜ ਰਿਹਾ ਦੱਸਿਆ ਗਿਆ ਹੈ। ਔਕਿਉਪੇਸ਼ਨਲ ਹੈਲਥ ਐਂਡ ਸੇਫ਼ਟੀ ਅਤੇ ਕੈਲਗਰੀ ਪੁਲਿਸ ਵੱਲੋਂ ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

## ਹਰ ਸਾਲ 30 ਸਤੰਬਰ ਵਾਲੇ ਫੈਡਰਲ ਸਰਕਾਰ ਵੱਲੋਂ ਛੁੱਟੀ ਦਾ ਐਲਾਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਫੈਡਰਲ ਸਰਕਾਰ ਵੱਲੋਂ ਹਰ ਸਾਲ 30 ਸਤੰਬਰ ਨੂੰ ਨੈਸ਼ਨਲ ਡੇਅ ਫੌਰ ਟ੍ਰਥ ਐਂਡ ਰਿਕੰਸਿਲਿਏਸ਼ਨ ਦੇ ਰੂਪ ਵਿੱਚ ਮਾਨਤਾ ਨਹੀਂ ਦੇਵੇਗੀ। ਫੈਡਰਲ ਸਰਕਾਰ ਨੇ ਇਸ ਦਿਨ ਫੈਡਰਲ ਛੁੱਟੀ ਦਾ ਐਲਾਨ ਕੀਤਾ ਹੈ। ਐਲਬਰਟਾ ਦੀ ਜੇਸਨ ਕੈਨੀ ਸਰਕਾਰ ਦਾ ਕਹਿਣਾ ਹੈ ਕਿ ਸੂਬੇ ਵਿੱਚ ਇਸ ਸਾਰੇ ਅਦਾਰਿਆਂ ਉੱਪਰ ਛੱਡਿਆ ਜਾਵੇਗਾ ਕਿ ਜੇ ਉਹ ਚਾਹੁੰਣ ਤਾਂ ਇਸ ਦਿਨ ਛੁੱਟੀ ਕਰਨ ਦਾ ਐਲਾਨ ਕਰ ਸਕਦੇ ਹਨ। ਇੰਡਿਜਿਨਸ ਰਿਲੇਸ਼ਨਜ਼ ਮਨਿਸਟਰ ਰਿਕ ਵਿਲਸਨ ਦਾ ਕਹਿਣਾ ਹੈ ਕਿ ਕਰਮਚਾਰੀਆਂ ਦੇ ਉਹਨਾਂ ਦੇ ਕੰਮ ਮਾਲਕ ਨਾਲ ਹੋਏ ਕੌਨਟ੍ਰੈਕਟਸ ਮੁਤਾਬਕ ਇਸ ਛੁੱਟੀ ਲਈ ਉਹ ਫੈਸਲਾ ਲੈਣ ਦੇ ਅਧਿਕਾਰੀ ਹੋਣਗੇ। ਸਰਕਾਰ ਇਸ ਸੰਬੰਧੀ ਕੋਈ ਕਾਨੂੰਨ ਨਹੀਂ ਬਣਾਵੇਗੀ। ਕਈ ਅਦਾਰਿਆਂ ਨੇ ਇਸ ਦਿਨ ਛੁੱਟੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਏ.ਐਚ.ਐਸ. ਅਤੇ ਏ.ਜੀ.ਐਲ.ਸੀ. ਨਾਲ ਜੁੜੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਇਹ ਸਹੂਲਤ ਦੇਣ ਤੋਂ ਨਾਂਹ ਕੀਤੀ ਜਾ ਰਹੀ ਹੈ। ਏਐਚਐਸ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ ਤੇ ਇਸ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

## ਗਵਰਨਰ ਨੂੰ ਅਗਵਾ ਕਰਨ ਦੀ ਸਕੀਮ ਬਣਾਉਣ ਵਾਲੇ ਨੂੰ 6 ਸਾਲ ਦੀ ਕੈਦ ਬੋਲ ਗਈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਾ ਵਿੱਚ ਮਿਸ਼ਿਗਨ ਦੇ ਗਵਰਨਰ ਨੂੰ ਅਗਵਾ ਕਰਨ ਦਾ ਪਲੈਨ ਬਣਾਉਣ ਵਾਲੇ 25 ਸਾਲਾ ਟਾਇ ਗਾਰਬਿਨ ਨਾਮ ਦੇ ਵਿਅਕਤੀ ਨੂੰ 6 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕੋਰੋਨਾਵਾਇਰਸ ਪਾਬੰਦੀਆਂ ਤੋਂ ਤੰਗ ਆਏ ਇਸ ਵਿਅਕਤੀ ਨੇ ਸੂਬੇ ਦੀ ਗਵਰਨਰ ਗ੍ਰੈਚਨ ਵਿਟਮਰ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ ਸੀ ਤੇ ਇਸ ਉੱਪਰ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ ਸੀ।

## ਯੂ ਐਸ ਨੇਵੀ ਵਿੱਚ ਕਮਿਸ਼ਨ ਹਾਸਿਲ ਕਰਨ ਵਾਲੀ ਪੰਜਾਬਣ ਰਮਨ ਕੌਰ ਸਿੱਧੂ ਨੇ ਪੰਜਾਬੀਆਂ ਦਾ ਨਾਮ ਰੌਸ਼ਨ ਕੀਤਾ



ਫਰਿਜ਼ਨੋ (ਪੰਜਾਬੀ ਅਖ਼ਬਾਰ ਬਿਊਰੋ) ਪਰਵਾਸੀ ਹੋਇਆ ਪੰਜਾਬੀ ਭਾਈਚਾਰਾ ਭਾਵੇ ਬਹੁਤ ਸਾਰ ਖੇਤਰਾਂ ਵਿੱਚ ਨਵੀਆਂ ਮੱਲ੍ਹਾਂ ਮਾਰਕੇ ਦੁਨੀਆਂ ਭਰ ਵਿੱਚ ਪੰਜਾਬੀਆਂ ਦਾ ਨਾਮ ਚਮਕਾ ਰਿਹਾ ਹੈਪਰ ਜਦੋਂ ਜਿਸ ਧਰਤੀ ਦਾ ਖਾਂਦੇ ਹੋਈਏ ਉਸੇ ਲਈ ਕੁੱਝ ਕਰ ਗੁਜਰਨ ਵਾਲੇ ਮੈਦਾਨ ਵਿੱਚ ਸਾਡੇ ਬੱਚੇ ਅੱਗੇ ਆਉਂਦੇ ਹਨ ਤਾਂ ਸਿਰ ਮਾਣ ਨਾਲ ਹੋਰ ਵੀ ਉੱਚਾ ਹੋ ਜਾਂਦਾ ਹੈ। । ਅਮਰੀਕਾ ਦੇ ਫਰਿਜਨੋ ਸਹਿਰ ਦੇ ਵਾਸੀ ਲੇਖਕ ਜਗਤਾਰ ਸਿੰਘ ਗਿੱਲ (ਪੁਰਾਣੇਵਾਲ) ਦੀ ਭਾਣਜੀ ਰਮਨ ਕੌਰ ਸਿੱਧੂ ਨੇ ਛੇ ਸਾਲ ਦੀ ਪੜ੍ਹਾਈ ਖਤਮ ਮਗਰੋਂ ਸਖ਼ਤ ਮਿਹਨਤ ਕਰਕੇ ਯੂ. ਐਸ. ਨੇਵੀ ਵਿੱਚ ਕਮਿਸ਼ਨ ਹਾਸਿਲ ਕਰ ਲਿਆ ਹੈ। ਇਸ ਮੌਕੇ ਖ਼ੁਸ਼ੀ ਵਿੱਚ ਖੀਵੇ ਮਾਪਿਆ ਪਿਤਾ ਕਰਨੈਲ ਸਿੰਘ ਸਿੱਧੂ ਅਤੇ ਮਾਤਾ ਮਨਜੀਤ ਕੌਰ ਸਿੱਧੂ ਨੂੰ ਹਰ ਪਾਸਿਓਂ ਵਧਾਈਆ ਮਿਲ ਰਹੀਆ ਹਨ। ਰਮਨ ਕੌਰ ਸਿੱਧੂ ਦੀ ਇਸ ਪ੍ਰਾਪਤੀ ਲਈ ਅਮਰੀਕਾ ਦਾ ਪੰਜਾਬੀ ਭਾਈਚਾਰਾ ਮਾਣ ਮਹਿਸੂਸ ਕਰ ਰਿਹਾ ਹੈ। ਰਮਨ ਕੌਰ ਸਿੱਧੂ ਨੇ ਸਾਡੀ ਨਵੀਂ ਪੀੜ੍ਹੀ ਲਈ ਪੂਰਨਾ ਵੀ ਪਾਇਆ ਕਿ ਕੁੜੀਆ ਮੁੰਡਿਆ ਨਾਲ਼ੋਂ ਕਿਸੇ ਪੱਖੋਂ ਵੀ ਘੱਟ ਨਹੀਂ , ਸਗੋਂ ਦੇਸ਼ ਕੌਮ ਦੀ ਸੇਵਾ ਲਈ ਬਰਾਬਰ ਯੋਗਦਾਨ ਪਾਉਂਦੀਆਂ ਹਨ।

## ਜੈਗ ਸਹੋਤਾ ਨੇ ਦੁਬਾਰਾ ਐਮ ਪੀ ਬਣਨ ਦੀ ਇੱਛਾ ਨਾਲ ਆਪਣੀ ਚੋਣ ਮੁਹਿੰਮ ਸ਼ੁਰੂ ਕੀਤੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਕਾਈਵਿਊ ਤੋਂ ਪਿਛਲੀ ਸੰਸਦ ਵਿੱਚ ਮੈਂਬਰ ਪਾਰਲੀਮੈਂਟ ਰਹੀ ਜੈਗ ਸਹੋਤਾ ਨੇ ਆਪਣੇ ਦੁਬਾਰਾ ਚੁਣੇ ਜਾਣ ਲਈ ਛੇੜੀ ਚੋਣ ਮੁਹਿੰਮ ਦੌਰਾਨ ਆਪਣੇ ਚੋਣ ਦਫਤਰ ਦਾ ਉਦਘਾਟਨ ਕੀਤਾ । ਕੈਲਗਰੀ ਫੋਰੈਸਟਲਾਨ ਤੋਂ ਐਮ ਪੀ ਜਸਰਾਜ ਹੱਲਣ ਅਤੇ ਐਮ ਐਲ ਏ ਦਵਿੰਦਰ ਤੂਰ ਨੇ ਵੀ ਇਸ ਪਰੋਗਰਾਮ ਵਿੱਚ ਹਾਜਰੀ ਭਰੀ। ਇਸ ਮੌਕੇ ਜੈਗ ਸਹੋਤਾ ਨੇ ਆਏ ਹੋਏ ਪੰਜਾਬੀ ਭਾਈਚਾਰੇ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਦੁਬਾਰਾ ਵੋਟਾਂ ਪਾਕੇ ਔਟਵਾ ਭੇਜਣ ਤਾਂ ਕਿ ਕੈਲਗਰੀ ਦੀ ਆਵਾਜ਼ ਫੈਡਰਲ ਸਰਕਾਰ ਤੱਕ ਪਹੁੰਚਦੀ ਰਹੇ।ਇਸ ਮੌਕੇ ਪੰਜਾਬੀ ਭਾਈਚਾਰਾ ਵੱਡੀ ਗਿਣਤੀ ਵਿੱਚ ਪੁੱਜਾ ਹੋਇਆ ਸੀ।

Punjab MONEY EXCHANGE
NO EXTRA CHARGES
Pick Up & Delivery
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਂਤੀ ਮਿਠਾਈ
ਵਿਆਹ ਦੀ ਭਾਜੀ

# "ਸਦਾ ਸੂਰਮੇ ਸਮਝਣ ਧੀ ਤੇ ਭੈਣ ਬਿਗਾਨੀ ਨੂੰ" ਜਿਹੇ ਸਦਾ ਬਹਾਰ ਗੀਤਾਂ ਦਾ ਰਚੇਤਾ- ਰਾਮ ਸਿੰਘ ਢਿੱਲੋਂ 'ਮਹਿਰਾਜ ਵਾਲਾ'



ਸੁਰਜੀਤ ਜੱਸਲ
9814607737

ਪੰਜਾਬੀ ਗੀਤਕਾਰੀ ਵਿੱਚ ਰਾਮ ਸਿੰਘ ਢਿੱਲੋਂ ਇਕ ਉਹ ਸਿਰਮੌਰ ਨਾਂ ਹੈ ਜਿਸਨੇ ਪੰਜਾਬੀ ਲੋਕ ਗਾਇਕੀ ਲਈ ਠੇਠ ਅਰਥਭਰਪੂਰ ਤੇ ਸਮਾਜਿਕ ਕਦਰਾਂ ਦੀ ਹਾਮੀ ਭਰਦੇ ਗੀਤ ਲਿਖਕੇ ਇੱਕ ਵੱਖਰਾ ਮੁਕਾਮ ਹਾਸਲ ਕੀਤਾ। ਇਸ ਲੇਖ ਵਿਚਲੀ ਫੋਟੋ 'ਚ ਆਹ ਢਿੱਲੀ ਜੀ ਪੱਗ ਵਾਲਾ ਬੰਦਾ ਵੇਖ ਕੇ ਬਹੁਤਿਆਂ ਨੂੰ ਯਕੀਨ ਨਹੀਂ ਆਵੇਗਾ ਕਿ ਇਹੀ ਗੀਤਕਾਰ ਰਾਮ ਸਿੰਘ ਢਿੱਲੋਂ ਹੈ। ਅਕਸਰ ਹੀ ਸਰੋਤਿਆਂ ਦੇ ਦਿਲੋ-ਦਿਮਾਗ ਵਿੱਚ ਉਸਦੇ ਚਹੇਤੇ ਲੇਖਕ ਦੀ ਇੱਕ ਤਸਵੀਰ ਬਣੀ ਹੁੰਦੀ ਹੈ। ਰਾਮ ਸਿੰਘ ਢਿੱਲੋਂ ਭਾਵੇਂ ਕਿ ਅਨਪੜ੍ਹ ਬੰਦਾ ਸੀ ਪਰ ਗੀਤ ਜੋੜਨ ਦੀ ਕਲਾ ਪੱਖੋਂ ਉਹ ਸੱਭ ਗੁਣੀ-ਗਿਆਨੀਆਂ ਨੂੰ ਮੂਹਰੇ ਲਾਉਣ ਵਾਲਾ ਸੀ। ਵੇਖਣ ਨੂੰ ਸਿੱਧਾ-ਸਾਦਾ, ਦੇਸੀ ਜਿਹਾ ਪੇਂਡੂ ਬੰਦਾ ਪਰ ਜਿਹੜੇ ਸ਼ਬਦਾਂ ਦੇ ਕੋਕੇ ਉਸਨੇ ਆਪਣੇ ਗੀਤਾਂ ਵਿੱਚ ਜੜੇ ਉਹ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਉਸਦੀ ਜ਼ਿੰਦਗੀ ਬਾਰੇ ਜਾਣਕੇ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਲਾ ਦੀ ਦੇਵੀ 'ਸਰਸਵਤੀ'ਨੇ ਉਸ ਨੂੰ 'ਗੀਤਾਂ ਦਾ ਖ਼ਜਾਨਾ' ਦੇਣ ਬਦਲੇ ਜ਼ਿੰਦਗੀ ਦੀਆਂ ਤਮਾਮ ਖੁਸ਼ੀਆਂ ਖੋਹ ਲਈਆ ਹੋਣ।

ਰਾਮ ਸਿੰਘ ਢਿੱਲੋਂ ਦੀ ਬਹੁਤੀ ਚਰਚਾ ਕੁਲਦੀਪ ਮਾਣਕ ਦੇ ਗੀਤਾਂ ਨਾਲ ਹੋਈ ਪਰ ਉਸਨੇ ਸਭ ਤੋਂ ਪਹਿਲਾਂ ਕੇ ਦੀਪ, ਜਗਮੋਹਨ ਨਰਿੰਦਰ ਬੀਬਾ ਲਈ ਰੁਮਾਂਟਿਕ ਸ਼ੈਲੀ ਦੇ ਮਜ਼ਾਹੀਆ ਗੀਤ ਲਿਖੇ। ਇਸ ਤੋਂ ਇਲਾਵਾ ਪਰਿਵਾਰਕ ਰਿਸ਼ਤਿਆਂ ਦੀ ਨੋਕ-ਝੋਕ ਨੂੰ ਵੀ ਢਿੱਲੋਂ ਨੇ ਬਹੁਤ ਖ਼ੂਬਸੂਰਤ ਸ਼ਬਦਾਂ 'ਚ ਲਿਖਿਆ। ਉਸਦੇ ਨਜ਼ਦੀਕੀ ਮਿੱਤਰ ਭਲੀ-ਭਾਂਤ ਜਾਂਣਦੇ ਹਨ ਕਿ ਬਹੁਤੇ ਗੀਤਾਂ ਵਿੱਚ ਉਹ ਖੁਦ ਸ਼ਾਮਿਲ ਹੁੰਦਾ ਸੀ।

ਭਾਰਤ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ 1941 ਵਿੱਚ ਪਿਤਾ ਸਰਦਾਰਾ ਸਿੰਘ ਤੇ ਮਾਤਾ ਸ਼ਾਮ ਕੌਰ ਦੇ ਘਰ ਪਿੰਡ ਨੇਈਆਂ ਵਾਲਾ( ਨੇੜੇ ਕਸੂਰ ਸ਼ਹਿਰ) ਪਾਕਿਸਤਾਨ 'ਚ ਜਨਮਿਆਂ ਰਾਮ ਸਿੰਘ ਇੱਕ ਭਰਾ ਤੇ ਤਿੰਨ ਭੈਣਾਂ ਦਾ ਭਰਾ ਸੀ। ਸੰਤਾਲੀ ਦੀ ਵੰਡ ਵੇਲੇ ਪਾਕਿਸਤਾਨ ਤੋਂ ਪਨਾਹਗੀਰ ਬਣ ਕੇ ਪੰਜਾਬ ਆਏ ਰਾਮ ਸਿੰਘ ਢਿੱਲੋਂ ਦੇ ਪਰਿਵਾਰ ਨੂੰ ਮਲੋਟ ਮੁਕਤਸਰ ਰੋਡ 'ਤੇ ਪਿੰਡ ਮਹਿਰਾਜ ਵਾਲਾ ਵਿਖੇ ਜ਼ਮੀਨ ਅਲਾਟ ਹੋਈ। ਰਾਮ ਸਿੰਘ ਨੂੰ ਗੀਤ ਲੇਖਣੀ ਦੀ ਦਾਤ ਪ੍ਰਮਾਤਮਾ ਵੱਲੋਂ ਹੀ ਮਿਲੀ। ਭਾਵੇਂ ਕਿ ਰਾਮ ਸਿੰਘ ਅਨਪੜ੍ਹ ਸੀ ਪਰ ਉਹ ਲਿਖਣ-ਪੜ੍ਹਨ ਦਾ ਗਿਆਨ ਰੱਖਦਾ ਸੀ। ਉਦੋਂ ਪਿੰਡਾ ਵਿੱਚ ਡਰਾਮੇ ਹੋਇਆ ਕਰਦੇ ਸੀ। ਉਸਨੇ ਕਈ ਇਤਿਹਾਸਕ ਕਿੱਸਿਆ ਅਧਾਰਤ ਗੀਤ ਲਿਖਕੇ ਡਰਾਮੇ ਵਾਲਿਆ ਨੂੰ ਦਿੱਤੇ। ਪਹਿਲਾਂ ਉਸਨੂੰ ਗਾਉਣ ਦਾ ਸ਼ੌਕ ਵੀ ਸੀ ਪਰ ਗੀਤਕਾਰੀ ਵਿੱਚ ਵਧੇਰੇ ਮਗਨ ਸੀ। ਕੋਈ ਅੱਖੀਂ ਵੇਖੀ ਘਟਨਾ 'ਤੇ ਉਹ ਝੱਟ ਗੀਤ ਲਿਖ ਦਿੰਦਾ ਸੀ। ਉਸਨੇ ਬਹੁਤੇ ਗੀਤ ਇਸੇ ਤਰ੍ਹਾਂ ਲਿਖੇ ਜੋ ਬੇਹੱਦ ਮਕਬੂਲ ਹੋਏ।

ਮੁਕਤਸਰ ਇਲਾਕੇ ਦਾ ਇਕ ਗਾਇਕ ਸਾਬਰ ਹੁਸੈਨ ਸਾਬਰ ਨੇ ਰਾਮ ਸਿੰਘ ਦੇ ਲਿਖੇ ਗੀਤਾਂ ਨੂੰ ਸਭ ਤੋਂ ਪਹਿਲਾਂ ਮੇਲਿਆਂ-ਜਲਸਿਆਂ 'ਤੇ ਗਾਇਆ। ਸਾਬਰ ਹੁਸੈਨ ਸਾਬਰ ਤੁਰਦਾ ਫਿਰਦਾ ਖਾਨਦਾਨੀ ਮਰਾਸੀ ਗਾਇਕ ਸੀ। ਰਾਮ ਸਿੰਘ ਸਿਹਰੇ ਬਹੁਤ ਵਧੀਆ ਲਿਖਦਾ ਤੇ ਗਾਉਂਦਾ ਹੁੰਦਾ। ਰਾਮ ਸਿੰਘ ਦਾ ਲੇਖਣੀ ਵਿੱਚ ਕੋਈ ਉਸਤਾਦ ਗੁਰੂ ਨਹੀਂ ਸੀ। ਉਹ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਸੀ। ਅਕਸਰ ਹੀ ਉਹ ਗੁਰੂ ਘਰ ਦੇ ਕਵੀ ਦਰਬਾਰਾਂ ਵਿੱਚ ਧਾਰਮਿਕ ਰਚਨਾਵਾਂ ਬੋਲਦਾ ਹੁੰਦਾ। ਉਨ੍ਹਾਂ ਸਮਿਆਂ ਵਿੱਚ ਮਹਿਰਾਜ ਇਲਾਕੇ ਵਿੱਚ ਕੇ ਦੀਪ ਤੇ ਜਗਮੋਹਨ ਕੌਰ ਦੇ ਪ੍ਰੋਗਰਾਮ ਬਹੁਤ ਹੁੰਦੇ ਸੀ। ਕਿ ਹਾਦਸੇ ਦੌਰਾਨ ਕੇ ਦੀਪ ਨਾਲ ਰਾਮ ਸਿੰਘ ਦੀ ਨੇੜਤਾ ਬਣੀ ਤਾਂ ਰਾਮ ਸਿੰਘ ਦਾ ਪਹਿਲਾ ਗੀਤ ਰਿਕਾਰਡ ਕਰਵਾਇਆ। ਇਹ ਗੀਤ ਰੇਡੀਓ ਸਟੇਸ਼ਨ ਜੰਮੂ ਤੋ ਵੀ ਬਹੁਤ ਵੱਜਿਆ। ਇਸਦੇ ਬੋਲ ਸੀ-

**ਸਿਖ਼ਰ ਦੁਪਿਹਰੇ ਚੰਨਾਂ, ਧੁੱਪੇ ਗੇੜੇ ਮਾਰਦੀ ਦਾ**
**ਜਾਂਦਾ ਸੁੱਕਦਾ ਸਰੀਰ ਵਿਚੋਂ ਖੂਨ ਹਾਣੀਆ**
**ਵੇ ਖੇਤੋਂ ਘਰ ਨੂੰ ਲਵਾ ਦੇ ਟੈਲੀਫੂਨ ਹਾਣੀਆ।**

ਇਸ ਗੀਤ ਤੋਂ ਬਾਅਦ ਕੇ ਦੀਪ ਨੇ ਨਰਿੰਦਰ ਬੀਬਾ ਨਾਲ ਵੀ ਰਾਮ ਢਿੱਲੋਂ ਦੇ ਦੋ ਗੀਤ 'ਰੱਬ ਕਰਕੇ ਮਰੇ ਨੀ ਜੇਠ ਸੱਪ ਲੜ ਕੇ ' ਅਤੇ ਮੈਂ ਫਿਰਦਾ ਵਿਕਣ ਨੂੰ ਮੈਨੂੰ ਲੈ ਲਓ ਮੁੱਲ ਕੁੜੇ' ਰਿਕਾਰਡ ਕਰਵਾਏ। ਢਿੱਲੋਂ ਦੇ ਲਿਖੇ ਦੋ ਧਾਰਮਿਕ ਗੀਤ ਵੀ ਕੇ ਦੀਪ ਨੇ ਗਾਏ। ਰਾਮ ਸਿੰਘ ਢਿੱਲੋ ਲਧਿਆਣੇ



ਕੇ ਦੀਪ ਦੇ ਘਰੇ ਵੀ ਜਾਂਦਾ ਰਿਹਾ। ਇੱਥੇ ਹੀ ਉਸਦਾ ਹੋਰਨਾਂ ਗੀਤਕਾਰਾਂ ਤੇ ਗਾਇਕਾਂ ਨਾਲ ਮੇਲ ਹੋਇਆ। ਉਸ ਵੇਲੇ ਦੀ ਨਾਮੀ ਗਾਇਕ ਜੋੜੀ ਕਰਮਜੀਤ ਧੂਰੀ ਤੇ ਸਵਰਨ ਲਤਾ ਨੇ ਢਿੱਲੋਂ ਦਾ ਦੋਗਾਣਾ 'ਰਾਹੇ ਰਾਹੇ ਜਾਣ ਵਾਲੀਓ-ਹੁਲਾਰੇ ਖਾਣ ਵਾਲਿਓ,, ਦੱਸਿਓ ਕੋਈ ਸੇਵਾ ਚਾਹ ਪਾਣੀ ਤੋਂ ਬਿਨਾ' ਵੀ ਰਿਕਾਰਡ ਕਰਵਾਇਆ। ਇਸ ਤੋ ਇਲਾਵਾ ਗੁਰਚਰਨ ਪੋਹਲੀ-ਪ੍ਰੋਮਿਲਾ ਪੰਮੀ ਜਸਵੰਤ ਸੰਦੀਲਾ-ਪਰਮਿੰਦਰ ਸੰਧੂ, ਕਰਤਾਰ ਰਮਲਾ ਆਦਿ ਗਾਇਕਾਂ ਨੇ ਸਟੇਜ਼ਾ ਤੇ ਗਾਏ ਤੇ ਰਿਕਾਰਡ ਵੀ ਕਰਵਾਏ। ਕਰਤਾਰ ਰਮਲੇ ਦੀ ਆਵਾਜ਼ ਵਿੱਚ ਦਿਲਚਸਪ ਵਾਰਤਾਲਾਪ ਵਾਲਾ ਇਹ ਗੀਤ ਰਾਮ ਸਿੰਘ ਦਾ ਇਕ ਦੋਗਾਣਾ ਬਹੁਤ ਚੱਲਿਆ ਸੀ ਜੋ ਉਸਦੀ ਜ਼ਿੰਦਗੀ ਦੇ ਬਹੁਤ ਨੇੜੇ ਸੀ।

**ਮੈਨੂੰ ਦੱਸਦੇ ਇਸ ਭਣਵੀਏ ਦੇ ਬੂਥੇ 'ਤੇ ਬੌਕਰ ਮਾਰੀ ਕਿਉਂ'**

ਉਸਦੇ ਸਾਗਿਰਦ ਸੁਰਜੀਤ 'ਚਮਕ' ਨੇ ਦੱਸਿਆ ਕਿ ਇੱਕ ਵਾਰ ਮਲੋਟ ਨੇੜੇ ਝੋਰੜਾਂ ਪਿੰਡ ਕੁਲਦੀਪ ਮਾਣਕ ਅਖਾੜਾ ਲਾਉਣ ਆਇਆ ਤਾਂ ਉਸਨੇ ਰਾਮ ਢਿੱਲੋਂ ਦੇ ਲਿਖੇ ਗੀਤਾਂ ਦੀ ਕਾਪੀ ਮਾਣਕ ਨੂੰ ਵਿਖਾਉਣੀ ਚਾਹੀ ਤਾਂ ਉਹ ਅੱਗੇ ਭੱਜਕੇ ਪਿਆ ਤੇ ਕਹਿੰਦਾ ਕਿ ਹਰੇਕ ਹੀ ਜਣਾ ਖਣਾ ਕਾਪੀ ਚੱਕੀ ਫਿਰਦਾ। ਜਦ ਉਸਨੇ ਕਿਹਾ ਮਾਣਕਾ ,ਆਹ ਗੱਲ ਫੇਰ ਆਖੀਂ, ਪਹਿਲਾਂ ਗੀਤ ਤਾਂ ਵੇਖ ਲੈ।' ਜਦ ਉਸਨੇ ਗੀਤ ਵੇਖੇ ਤਾਂ ਮਾਣਕ ਹੈਰਾਨ ਰਹਿ ਗਿਆ ਤੇ ਫੇਰ ਕਹਿਣ ਲੱਗਾ ਕਿ ਕਾਪੀ ਮੈਨੂੰ ਦੇ ਜਾ। ਪਰ ਉਸਨੇ ਕਾਪੀ ਨਹੀਂ ਦਿੱਤੀ । ਫੇਰ ਇੱਕ ਦਿਨ ਮਾਣਕ ਖੁਦ ਮਹਿਰਾਜ ਵਾਲਾ ਪਿੰਡ ਰਾਮ ਸਿੰਘ ਕੋਲ ਖੇਤ ਆਇਆ ਸੀ ਤੇ ਲੋਕ ਗਾਥਾ 'ਗੋਲੀ ਮਾਰੋ ਇਹੋ ਜਿਹੇ ਬਣਾਉਟੀ ਯਾਰ ਦੇ' ਰਿਕਾਰਡ ਕਰਵਾਈ।

ਗਾਇਕ ਪ੍ਰੀਤਮ ਬਰਾੜ, ਰਾਮ ਸਿੰਘ ਢਿੱਲੋਂ ਦੇ ਨੇੜਲੇ ਪਿੰਡਾਂ ਦਾ ਹੀ ਸੀ ਤੇ ਗਾਇਕੀ ਖੇਤਰ ਵਿੱਚ ਆਉਣ ਲਈ ਹੱਥ ਪੈਰ ਮਾਰ ਰਿਹਾ ਸੀ। ਉਹ ਅਕਸਰ ਹੀ ਰਾਮ ਸਿੰਘ ਢਿੱਲੋਂ ਕੋਲ ਗੀਤ ਲੈਣ ਆਉਂਦਾ। ਰਾਮ ਸਿੰਘ ਢਿੱਲੋਂ ਨੇ ਹੀ ਉਸਨੂੰ ਮਾਣਕ ਦਾ ਚੇਲਾ ਬਣਾਇਆ।

ਜਦ ਦੇਵ ਥਰੀਕਿਆਂ ਵਾਲੇ ਦਾ ਛਿੰਦੇ ਦੀ ਆਵਾਜ਼ ਵਿੱਚ 'ਜਿਊਣਾ ਮੌੜ' ਅਤੇ 'ਭਗਤ ਸਿੰਘ' ਦਾ ਉਪੇਰਾ ਹਿੱਟ ਹੋਇਆ ਤਾਂ ਮਾਣਕ ਨੂੰ ਲੱਗਿਆ ਕਿ 'ਦੇਵ' ਉਸ ਤੋਂ ਦੂਰ ਹੁੰਦਾ ਜਾ ਰਿਹਾ ਹੈ। ਮੁਕਾਬਲੇ ਦੇ ਉਸ ਦੌਰ ਵਿੱਚ ਰਾਮ ਸਿੰਘ ਢਿੱਲੋਂ ਲਈ 'ਦੋ ਗੱਭਰੂ ਪੰਜਾਬ ਦੇ' ਦਾ ਮੈਟਰ ਲਿਖਣਾ ਇੱਕ ਵੱਡੀ ਚਣੌਤੀ ਸੀ। ਮਾਣਕ ਨੇ ਉਸ ਨੂੰ ਮੈਟਰ ਲਿਖਣ ਦੀ ਡਿਊਟੀ ਲਾ ਦਿੱਤੀ ਤੇ ਰਾਤੋ-ਰਾਤ ਰਿਕਾਰਡ ਕਰ, ਦਿਨਾਂ ਵਿੱਚ ਹੀ ਇਹ ਕੈਸਟ ਰਿਲੀਜ਼ ਕਰ ਦਿੱਤੀ। ਜਿਸਨੇ ਆਸ ਤੋਂ ਕਿਤੇ ਵੱਧ ਪ੍ਰਸਿੱਧੀ ਹਾਸਲ ਕੀਤੀ। ਬਹੁਤੇ ਗੀਤਾਂ ਵਿੱਚ ਤਾਂ ਉਹ ਮਾਣਕ ਦੇ 'ਖ਼ਾਸ ਗੀਤਕਾਰਾਂ' ਨੂੰ ਵੀ ਮਾਤ ਪਾ ਜਾਂਦਾ ਸੀ, ਜੋ ਸਾਰੀ ਉਮਰ ਉਹ ਗੱਲ ਨਾ ਲਿਖ ਸਕੇ ਜੋ ਰਾਮ ਸਿੰਘ ਢਿੱਲੋਂ ਆਪਣੇ ਕੁਝ ਕੁ ਗੀਤਾਂ ਵਿੱਚ ਹੀ ਕਹਿ ਗਿਆ। ਗੀਤ ਦੇ ਵਿਸ਼ੇ ਅਨੁਸਰ ਸਬਦਾਂ ਦੀ ਚੋਣ ਕਰਨ ਵਿੱਚ ਉਹ ਬਹੁਤ ਮਾਹਿਰ ਸੀ। ਉਹ ਇੱਕ ਹੀ ਅੰਤਰੇ ਵਿੱਚ ਪੂਰੀ ਘਟਨਾ ਦਾ ਵਰਨਣ ਕਰ ਦਿੰਦਾ ਸੀ। ਜਿਵੇਂ--

**ਖਾਤਾ ਨੱਕੀ ਕਰਕੇ ਲਾਹੌਰ ਵੜੇ ਸੀ ,ਪਤਾ ਨੀਂ ਕਿਥੋਂ ਲੰਘਗੇ।**
**'ਮਹਿਰਾਜ ਵਾਲੇ' ਮੋੜਾਂ 'ਤੇ ਸਿਪਾਹੀ ਖੜੇ, ਉਹ ਥਰ ਥਰ ਕੰਬਗੇ।**
**ਇੱਕ 'ਢਿੱਲੋਂ' ਢਾਣੀ 'ਚ ਲੰਮਾ ਜ੍ਹਾ ਸਿੱਖ ਸੀ ਕਿਸੇ ਨੇ ਭਾਂਡਾ ਫੋੜ੍ਹਤਾ**
**ਮਾਰਨਾ ਸੀ ਜਾਲਮ ਸਕਾਡਾ ਐਸ ਪੀ,, ਓਹ ਸਾਡਰਸ਼ ਰੋੜਤਾ।**

ਨਿੱਜੀ ਜ਼ਿੰਦਗੀ ਵਿੱਚ ਉਸਦੀ ਹਾਲਤ ਕੋਈ ਬਹੁਤੀ ਵਧੀਆ ਨਹੀ ਸੀ। ਸਿੱਧੇ-ਸਾਧੇ ਜੱਟ ਦੇ ਘਰ ਜਦ ਚਤੁਰ ਜਨਾਨੀ ਦਾ ਵਸੇਬਾ ਨਾ ਹੋਇਆ ਤਾਂ ਇਹ ਫੱਕਰ ਬੰਦਾ ਜ਼ਿੰਦਗੀ ਨਾਲੋਂ ਟੁੱਟ ਕੇ ਨਸ਼ਿਆਂ ਦਾ ਗੁਲਾਮ ਹੋ ਗਿਆ। ਉਸਦੀ ਹਾਲਤ 'ਸਰਪੰਚ' ਫ਼ਿਲਮ ਵਿੱਚ 'ਨਹੀਓ ਭੁੱਲਣਾ ਵਿਛੋੜਾ ਮੈਨੂੰ ਤੇਰਾ ਸਾਰੇ ਦੁੱਖ ਭੁੱਲ ਜਾਣਗੇ' ਗੀਤ ਗਾਉਂਦੇ ਫਿਰਦੇ ਯੋਗੇਸ਼ ਛਾਬੜਾ ਵਰਗੀ ਹੋ ਗਈ ਸੀ। ਵੱਡੇ ਭਰਾ ਸਰਪੰਚ ਲਛਮਣ ਸਿੰਘ ਨੇ ਉਸਨੂੰ ਸਮਝਾਉਣ ਦੇ ਬਹੁਤ ਯਤਨ ਕੀਤੇ ਪਰ ਸਭ ਬੇਕਾਰ ਰਹੇ।

ਰਾਮ ਸਿੰਘ ਢਿੱਲੋਂ ਦੇ ਲਿਖੇ ਜਿਆਦਾਤਰ ਗੀਤ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਰਿਕਾਰਡ ਹੋਏ। ਜਿੰਨਾਂ ਵਿੱਚ 'ਡਾਕੂ ਹਰਫੂਲ ਸਿੰਘ', 'ਬਾਬਾ ਬੰਦਾ ਸਿੰਘ ਬਹਾਦਰ' ਤੇ 'ਦੋ ਗੱਭਰੂ ਪੰਜਾਬ ਦੇ' ਤਿੰਨ ਉਪੇਰੇ ਵੀ ਰਿਕਾਰਡ ਹੋਏ। ਰਾਮ ਸਿੰਘ ਢਿੱਲੋਂ ਦੇ ਲਿਖੇ ਧਾਰਮਿਕ ਗੀਤਾਂ ਦੀ ਗਿਣਤੀ ਬਹੁਤ ਹੈ ਪਰ ਇਹ ਗੀਤ ਰਿਕਾਰਡ ਬਹੁਤ ਘੱਟ ਹੋਏ। ਕਈ ਨਾਮੀਂ ਗੀਤਕਾਰਾਂ ਨੇ ਉਸਦੇ ਗੀਤਾਂ 'ਤੇ ਆਪਣੇ ਨਾਂ ਦੀ 'ਮੋਹਰ' ਵੀ ਲਗਾਈ। ਉਸਦੇ ਰਿਕਾਰਡ ਚਰਚਿਤ ਗੀਤਾਂ ਦੇ ਕੁਝ ਮੁਖੜੇ-

**ਸਦਾ ਸੂਰਮੇ ਸਮਝਣ ਧੀ ਤੇ ਭੈਣ ਬਿਗਾਨੀ ਨੂੰ**
**ਗੋਲੀ ਮਾਰੋ ਇਹੋ ਜਿਹੇ ਬਨਾਉਟੀ ਯਾਰ ਦੇ**
**ਪੰਜ ਵਜੇ ਬੰਦ ਹੋ ਗਈਆ ਕਚੈਹਰੀਆ ਕਸੂਤਾ ਜੱਭ ਪੈ ਗਿਆ**
**ਜਵਾਨੀ ਜੜ੍ਹਾਂ ਪੁੱਟਣ ਨੂੰ ਕਾਹਲੀ ਹਾਏ ਜ਼ਾਲਮ ਸਰਕਾਰ ਦੀਆਂ**
**ਮੁੰਡੇ ਪਿੰਡ ਦੇ ਦਿਲਾਂ ਦੇ ਹੌਲੇ, ਨੀ ਐਵੇ ਹੌਕਾ ਖਿੱਚ ਜਾਣਗੇ ਫੱਤੂ ਯਾਰ**
**ਖੋਂਹਦੇ ਕਦੇ ਸੂਰਮੇ ਕਿਸੇ ਦਾ ਹੱਕ ਨਾ , ਆਪਣਾ ਨਹੀਂ ਛੱਡਦੇ**
(ਉਪਰਲੇ ਸਾਰੇ ਕੁਲਦੀਪ ਮਾਣਕ)
**ਹਰੀਆ ਕਣਕਾਂ, ਹਰੀਆਂ ਪੈਲੀਆਂ ਵਿੱਚ ਸਰੋਂ ਦਾ ਫੁੱਲ ਕੁੜੇ ਮੈਂ ਫਿਰਦਾ ਵਿਕਣ ਨੂੰ ਮੈਨੂੰ ਲੈ ਲੈ ਮੁੱਲ ਕੁੜੇ**
**ਖੇਤੋਂ ਘਰ ਨੂੰ ਲਵਾਂਦੇ ਟੈਲੀਫੂਨ ਹਾਣੀਆਂ** -(ਕੇ ਦੀਪ-ਜਗਮੋਹਨ)
**ਰੱਬ ਕਰਕੇ ਮਰੇ ਨੀਂ ਜੇਠ ਸੱਪ ਲੜ ਕੇ** -( ਕੇ ਦੀਪ-ਨਰਿੰਦਰ ਬੀਬਾ)
**ਮੈਂ ਮੁਫ਼ਤੀ ਵੇਖੀ ਪਿਕਚਰ, ਬੇਬੇ ਤੇ ਲੜ ਪਏ ਜੇਠ**
(ਜਸਵੰਤ ਸੰਦੀਲਾ -ਪਰਮਿੰਦਰ ਸੰਧੂ)
**ਦੱਸੋ ਭਲਾ ਕੀ ਬੀਤਦੀ , ਏਨ੍ਹਾ ਧੀਆਂ ਬੇਜੁਬਾਨੀਆਂ ਦੇ ਨਾਲ**
(ਪ੍ਰੀਤਮ ਬਰਾੜ)

ਰਾਮ ਸਿੰਘ ਢਿੱਲੋਂ ਦੇ ਕਈ ਸ਼ਾਗਿਰਦ ਵੀ ਹਨ। ਜਿਨ੍ਹਾ 'ਚੋਂ ਸਾਹਿਤਕਾਰ ਸੁਰਜੀਤ ਸਿੰਘ ਚਮਕ ਤੇ ਗੁਰਜੰਟ ਸਿੰਘ ਜੰਟਾਂ (ਮਹਿਰਾਜ ਵਾਲਾ) ਜ਼ਿਕਰਯੋਗ ਹਨ। ਗੁਰਜੰਟ ਨੂੰ ਉਦੋਂ ਗਾਉਣ ਅਤੇ ਲਿਖਣ ਦਾ ਸ਼ੌਕ ਸੀ। ਰਾਮ ਸਿੰਘ ਦੇ ਲਿਖੇ ਗੀਤ ਉਹ ਗਾਉਂਦਾ ਰਿਹਾ। ਉਸਦੇ ਕਹਿਣ ਮੁਤਾਬਕ ਰਾਮ ਸਿੰਘ ਢਿੱਲੋਂ ਦਾ ਲੇਖਣੀ ਅੰਦਾਜ ਵੀ ਵੱਖਰਾ ਸੀ ਉਹ ਜ਼ਿਆਦਾਤਰ ਪੈਰਾਂ-ਭਾਰ ਬਹਿ ਕੇ ਜ਼ਮੀਨ 'ਤੇ ਕਾਪੀ ਰੱਖ ਕੇ ਲਿਖਦਾ ਸੀ। ਰਾਮ ਸਿੰਘ ਢਿੱਲੋਂ ਵਿਆਹ ਸ਼ਾਦੀਆਂ ਮੌਕੇ ਸਿਹਰੇ ਲਿਖਣ ਅਤੇ ਪੜ੍ਹਨ ਵਿੱਚ ਬਹੁਤ ਮੁਹਾਰਤ ਰੱਖਦਾ ਸੀ। ਉਸਦਾ ਲਿਖਿਆ ਸਿਹਰਾ ਸ਼ਬਦਾਵਲੀ ਪੱਖੋਂ ਕਦੇ ਇੱਕ ਦੂਜੇ ਨਾਲ ਨਹੀਂ ਸੀ ਮਿਲਦਾ। ਹਰ ਵਾਰੀ ਉਹ ਨਵੀ ਗੱਲ ਲਿਖਦਾ ਸੀ। ਇਕ ਗੱਲ ਹੈਰਾਨੀ ਵਾਲੀ ਹੈ ਕਿ ਰਾਮ ਸਿੰਘ ਦੇ ਪਰਿਵਾਰਕ ਮੈਂਬਰਾਂ ਤੋਂ ਐਨੀਂ ਜਾਣਕਾਰੀ ਨਹੀਂ ਮਿਲੀ ਜਿਨੀਂ ਸਰਪੰਚ ਜਗਸ਼ੀਰ ਸਿੰਘ ,ਰਾਮ ਸਿੰਘ ਦੇ ਸ਼ਾਗਿਰਦ ਗਾਇਕ ਗੁਰਜੰਟ ਸਿੰਘ ਜੰਟਾ, ਚਮਕ ਸੁਰਜੀਤ ਅਤੇ ਪਿੰਡ ਵਾਲਿਆਂ ਤੋਂ ਮਿਲੀ। ਪਰਿਵਾਰਕ ਮੈਂਬਰਾਂ ਕੋਲ ਤਾਂ ਇਸ ਨਾਮੀਂ ਗੀਤਕਾਰ ਦੀ ਕੋਈ ਤਸਵੀਰ ਵੀ ਨਹੀਂ ਸੰਭਾਲ ਹੋਈ। ਪਿੰਡ ਦੇ ਸਰਪੰਚ ਜਗਸ਼ੀਰ ਸਿੰਘ ਨੇ ਬਜੁਰਗਾਂ ਦੀ ਇੱਕ ਪੁਰਾਣੀ ਵਿਆਹ ਦੀ ਐਲਬਮ ਵਿੱਚੋਂ ਇਹ ਤਸਵੀਰਾਂ ਸਾਝੀਆਂ ਕੀਤੀਆ ਹਨ।

ਰਾਮ ਸਿੰਘ ਦੇ ਆਪਣੀ ਕੋਈ ਔਲਾਦ ਨਹੀਂ ਸੀ। ਉਸਨੇ ਆਪਣੇ ਭਤੀਜੇ ਗੁਰਮੀਤ ਸਿੰਘ ਨੂੰ ਮਤਵੰਨਾ ਪੁੱਤ ਬਣਾਇਆ ਹੋਇਆ ਸੀ ਜੋ ਅੱਜਕਲ ਫੌਜ ਵਿੱਚ ਹੈ। ਉਸਦੇ ਦੋ ਭਤੀਜੇ ਪਿੰਡ ਖੇਤੀ ਕਰਦੇ ਹਨ। ਜਵਾਨੀ ਉਮਰੇ ਹੱਡੀਂ ਰਚੇ ਨਸ਼ਿਆਂ ਨੇ ਮਹਿਜ 45 ਸਾਲ ਦੀ ਉਮਰ ਵਿੱਚ ਹੀ ਰਾਮ ਸਿੰਘ ਢਿੱਲੋਂ ਨੂੰ ਮੌਤ ਦੇ ਵੱਸ ਪਾ ਦਿੱਤਾ। ਅਕਤੂਬਰ 1986 ਵਿੱਚ ਗੀਤਕਾਰੀ ਦਾ ਇਹ ਕੀਮਤੀ ਹੀਰਾ ਪੰਜਾਬੀ ਗਾਇਕੀ ਦੇ ਸੁਨਹਿਰੀ ਮੁੱਕਟ ਵਿਚੋਂ ਸਦਾ ਲਈ ਅਲੋਪ ਹੋ ਗਿਆ। ਪੰਜਾਬੀ ਸੰਗੀਤ ਦੀ ਦੁਨੀਆਂ ਵਿੱਚ ਰਾਮ ਸਿੰਘ ਢਿੱਲੋਂ ਆਪਣੇ ਗੀਤਾਂ ਸਦਕਾ ਸਦਾ ਜਿਊਂਦਾ ਰਹੇਗਾ। ਪਿੰਡ ਮਹਿਰਾਜ ਵਾਲਾ ਦੇ ਵਾਸੀਆ ਨੂੰ ਇਸ ਨਾਮੀਂ ਕਲਮਕਾਰ 'ਤੇ ਸਦਾ ਮਾਣ ਰਹੇਗਾ।





















# ਸਭਾ ਦੀ ਮੀਟਿੰਗ ਵਿੱਚ ਯੋਗਾ ਦਾ ਅਭਿਆਸ ਕਰਵਾਇਆ ਗਿਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਗਸਤ ਮਹੀਨੇ ਦੀ ਮੀਟਿੰਗ ਬਾਈ ਅਗਸਤ ਦਿਨ ਐਤਵਾਰ ਨੂੰ ਪਾਕਿਸਤਾਨ ਕਲਚਰਲ ਸੈਂਟਰ ਦੇ ਖੁੱਲ੍ਹੇ ਡੁੱਲ੍ਹੇ ਹਾਲ ਵਿੱਚ ਕੀਤੀ ਗਈ। ਮੀਟਿੰਗ ਵਿੱਚ ਤੀਹ ਤੋਂ ਉਪਰ ਮੈਂਬਰ ਹਾਜ਼ਰ ਸਨ। ਰਛਪਾਲ ਕੌਰ ਯੋਗਾ ਇੰਸਟਰਕਟਰ ਦੁਆਰਾ ਕਰਵਾਈਆਂ ਗਈਆਂ ਯੋਗਾ ਐਕਸਰਸਾਈਸਜ਼ ਨਾਲ ਮੀਟਿੰਗ ਦੀ ਸ਼ੁਰੂਆਤ ਕੀਤੀ ਗਈ। ਉਹਨਾਂ ਦੱਸਿਆ ਕਿ ਸਾਹ ਲੈਣਾ ਇੱਕ ਸਾਇੰਸ ਹੈ।

ਸਾਹ ਕ੍ਰਿਆ ਦੇ ਤੇਜ਼ ਧੀਮਾ ਜਾਂ ਨਾਰਮਲ ਹੋਣ ਨਾਲ ਸਾਡੀ ਮਾਨਸਿਕ ਅਵਸਥਾ ਦਾ ਡੂੰਘਾ ਸਬੰਧ ਹੈ। ਉਹਨਾਂ ਸਰੀਰ ਦੇ ਵੱਖ ਵੱਖ ਅੰਗਾਂ ਨੂੰ ਐਕਟੀਵੇਟ ਕਰਨ ਲਈ 'ਟੈਪਿੰਗ ਥੈਰੇਪੀ' ਦੀ ਵਿਧੀ ਦਾ ਅਭਿਆਸ ਕਰਵਾ ਕੇ ਲੰਮਾ ਸਮਾਂ ਘਰਾਂ ਅੰਦਰ ਡੱਕੇ ਰਹਿਣ ਕਾਰਨ ਸਰੀਰਕ ਅਤੇ ਮਾਨਸਿਕ ਤਨਾਅ ਤੋਂ ਮੁਕਤ ਹੋਣ ਦੀਆਂ ਵਿਧੀਆਂ ਸਮਝਾਈਆਂ। ਉਪਰੰਤ ਸਾਰਿਆਂ ਨੇ ਮਿਲਕੇ ਖਾਣੇ ਦਾ ਆਨੰਦ ਮਾਣਿਆ ਜੋ ਬੀਤੇ ਡੇਢ ਸਾਲ ਵਿੱਚ ਗੁਰਤੇਜ ਸਿੱਧੂ, ਸਰਬਜੀਤ ਉੱਪਲ ਅਤੇ ਹਰਮਿੰਦਰ ਚੁੱਘ ਹੁਰਾਂ ਦੇ ਪ੍ਰਵਾਰਾਂ ਵਿੱਚ ਨੰਨ੍ਹੇ ਮੁੰਨੇ ਪੜਦੋਹਤੇ ਅਤੇ ਪੋਤੀਆਂ ਦੀ ਆਮਦ ਦੀ ਖੁਸ਼ੀ ਸਾਂਝੀ ਕਰਨ ਲਈ ਉਹਨਾਂ ਵਲੋਂ ਪਰੋਸਿਆ ਗਿਆ ਸੀ। ਅੱਜ ਦੀ ਮੀਟਿੰਗ ਦੀ ਮੇਜ਼ਬਾਨੀ ਦੇ ਨਾਲ ਨਾਲ ਇਸ ਮੀਟਿੰਗ ਦੀ ਕਾਰਵਾਈ ਵੀ ਇਹਨਾਂ ਤਿੰਨਾਂ ਵਲੋਂ ਮਿਲ ਕੇ ਨਿਭਾਈ ਗਈ।

ਪ੍ਰਧਾਨ ਬਲਵਿੰਦਰ ਬਰਾੜ ਨੇ ਸਭ ਨੂੰ ਜੀ ਆਇਆਂ ਆਖਿਆ। ਉਹਨਾਂ ਨੇ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸਭਾ ਵਲੋਂ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕਰਨ ਦੀ ਤਜਵੀਜ਼ ਸਾਂਝੀ ਕੀਤੀ। ਉਹਨਾਂ 5 ਸਤੰਬਰ ਨੂੰ ਆਪਣੀ ਕਿਤਾਬ 'ਮਨ ਦਾ ਕੋਨਾ' ਦੇ ਐਕਸ ਸਰਵਿਸਮੈਨ ਐਸੋਸੀਏਸ਼ਨ ਦੇ ਹਾਲ ਵਿੱਚ ਕੀਤੇ ਜਾਣ ਵਾਲੇ ਰਿਲੀਜ਼ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸਰਿਆਂ ਨੂੰ ਸੱਦਾ ਦਿੱਤਾ। 'ਬਲਵਿੰਦਰ ਬਰਾੜ ਨੂੰ ਇਸ ਮਹੀਨੇ ਦੇ ਆਖਰੀ ਹਫਤੇ



ਵਿਨੀਪਿੰਗ ਵਿੱਚ ਉਹਨਾਂ ਦੇ ਵਿਦਿਆਰਥੀਆਂ ਵਲੋਂ ਸਨਮਾਨਤ ਕੀਤਾ ਜਾ ਰਿਹਾ ਹੈ' ਇਸ ਖ਼ਬਰ ਦਾ ਭਰਵੀਆਂ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਗੁਰਚਰਨ ਥਿੰਦ ਨੇ ਸਭਾ ਵਲੋਂ ਪੰਜਾਬੀ ਪੜ੍ਹਾਉਣ ਬਾਰੇ ਹੋਰ ਵਿਸਥਾਰ ਵਿੱਚ ਗੱਲ ਕੀਤੀ ਅਤੇ ਕਿਹਾ ਕਿ ਜੇਕਰ ਕੁੱਝ ਭੈਣਾਂ ਇਸ ਕਾਰਜ ਵਿੱਚ ਸ਼ਾਮਲ ਹੋਣ ਦੀ ਹਾਮੀ ਭਰਨ ਅਤੇ ਹਾਲਾਤ ਸਾਜ਼ਗਾਰ ਰਹਿਣ ਤਾਂ ਆਉਂਦੇ ਸਮੇਂ ਵਿੱਚ ਇਸ ਤਜਵੀਜ਼ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਇੱਕ ਦੋ ਭੈਣਾਂ ਨੇ ਮੌਕੇ ਤੇ ਹਾਮੀ ਭਰ ਦਿੱਤੀ ਸੈਂਟਰ ਫਾਰ ਨਿਊਕਮਰਜ਼ ਤੋਂ ਆਏ ਨੀਲਮ ਮਦਾਨ ਨੇ ਮੁਸ਼ਕਲ ਘੜੀ ਵੇਲੇ ਆਪਣਾ ਬਚਾਅ ਖੁਦ ਕਰਨ ਦੀ ਜਾਚ ਸਿਖਾਉਣ ਲਈ 11-12 ਸਤੰਬਰ ਨੂੰ ਕਰਵਾਏ ਜਾਣ ਵਾਲੇ ਪ੍ਰੋਗਰਾਮ ਦੀ ਜਾਣਕਾਰੀ ਸਾਂਝੀ ਕੀਤੀ ਜਿਸ ਵਿੱਚ ਕਿਸੇ ਵੀ ਉਮਰ ਦਾ ਵਿਅਕਤੀ ਭਾਗ ਲੈ ਕੇ ਸਵੈ ਦਾ ਬਚਾਓ ਕਰਨਾ ਸਿੱਖ ਸਕਦਾ ਹੈ।

ਹਰਮਿੰਦਰ ਚੁੱਘ,ਜਗਦੀਪ ਸ਼ੇਰਗਿੱਲ, ਕੁਲਵਿੰਦਰ ਹਾਂਸਰਾ, ਅਮਰਜੀਤ ਗਰੇਵਾਲ, ਸ਼ਵਿੰਦਰ ਕੌਰ, ਸੁਰਿੰਦਰ ਕੌਰ ਹੁਰਾਂ ਨੇ ਬੋਲੀਆਂ ਕਵਿਤਾ ਗੀਤ ਜਾਂ ਆਪਣੇ ਵਿਚਾਰਾਂ ਨਾਲ ਆਪੋ ਆਪਣੇ ਅੰਦਾਜ਼ ਵਿੱਚ ਆਪਣਾ ਤੁਆਰਫ਼ ਕਰਵਾਇਆ। ਬ੍ਰੈਮਪਟਨ ਤੋਂ ਆਏ ਹਰਪਾਲ ਰੰਧਾਵਾ, ਜੋ ਕਿ ਗੀਤਕਾਰ ਗੁਰਦੇਵ ਸਿੰਘ ਮਾਨ ਦੇ ਬੇਟੀ ਹਨ, ਨੇ ਆਪਣੇ ਪਿਤਾ ਜੀ ਦਾ ਲਿਖਿਆ ਗੀਤ ਸੁਣਾ ਕੇ ਰੰਗ ਬੰਨ੍ਹਿਆ। ਇਕਬਾਲ ਕੌਰ ਨੇ ਦੇਸ਼ ਤੇ ਲੋਕਾਈ ਨੂੰ ਇਸ਼ਕ ਕਰਨ ਵਾਲੇ ਭਗਤ ਸਿੰਘ ਵਰਗੇ ਆਸ਼ਕਾਂ ਨਾਲ ਸਬੰਧਤ ਭਾਵਪੂਰਤ ਕਵਿਤਾ ਸਾਂਝੀ ਕੀਤੀ। ਸਾਦਾਤ ਰੁਬੀਨਾ ਜੀ ਨੇ ਖੂਬਸੂਰਤ ਗ਼ਜ਼ਲ ਨਾਲ ਸਾਂਝ ਪਾਈ। ਸਰਬਜੀਤ ਉੱਪਲ ਨੇ ਪੋਤੀ ਦੇ ਜਨਮ ਦੀ ਖੁਸ਼ੀ ਵਿੱਚ 'ਮੇਰੇ ਘਰ ਆਈ ਨੰਨ੍ਹੀ ਪਰੀ' ਗੀਤ ਸੁਣਾਇਆ। ਸੁਰਿੰਦਰ ਸੰਧੂ ਨੇ ਰੱਖੜੀ ਦਾ ਗੀਤ ਗਾਇਆ ਅਤੇ ਨੌਰੀਨ ਨੇ ਕੋਵਿਡ ਦੌਰਾਨ ਜ਼ੂਮ ਮੀਟਿੰਗਾਂ ਰਾਹੀਂ ਸਭਾ ਨਾਲ ਬਣੇ ਆਪਣੇ ਭਾਵੁਕ ਰਿਸ਼ਤੇ ਦੀ ਗੱਲ ਕੀਤੀ। ਉਪਰੰਤ ਬਲਵਿੰਦਰ ਬਰਾੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਮੀਟਿੰਗ ਦੀ ਸਮਾਪਤੀ ਕੀਤੀ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੁਸਤਕ ਰਾਮਗੜ੍ਹੀਆ ਵਿਰਾਸਤ ਲੋਕ ਅਰਪਣ

ਪਟਿਆਲਾ (ਪੰਜਾਬੀ ਅਖ਼ਬਾਰ ਬਿਊਰੋ)ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵਾਈਸ ਚਾਂਸਲਰ ਡਾ. ਅਰਵਿੰਦ ਨੇ ਜੈਤੇਗ ਸਿੰਘ ਅਨੰਤ ਦੁਆਰਾ ਸੰਪਾਦਤ ਵੱਡ- ਆਕਾਰੀ ਸਚਿਤਰ ਕਾਫ਼ੀ ਟੇਬਲ ਪੁਸਤਕ ਰਾਮਗੜ੍ਹੀਆ ਵਿਰਾਸਤ ਨੂੰ ਲੋਕ ਅਰਪਣ ਕੀਤਾ। ਉਨ੍ਹਾਂ ਨੇ ਕਿਹਾ ਕਿ ਆਪਣੇ ਪੁਰਖਿਆਂ ਨੂੰ ਯਾਦ ਕਰਨਾ ਅਤੇ ਪੁਸਤਕ ਸੱਭਿਆਚਾਰ ਨੂੰ ਵਿਕਸਿਤ ਕਰਨਾ ਕਿਸੇ ਵੀ ਕੌਮ ਦੇ ਭਵਿੱਖ ਦਾ ਗਵਾਹ ਹੁੰਦਾ ਹੈ। ਉਨ੍ਹਾਂ ਨੇ ਰਾਮਗੜ੍ਹੀਆ ਭਾਈਚਾਰੇ ਦੀਆਂ ਕੁਰਬਾਨੀਆਂ ਅਤੇ ਪ੍ਰਾਪਤੀਆਂ ਦੀ ਭਰਪੂਰ ਪ੍ਰਸੰਸਾ



ਕੀਤੀ। ਗੁਰੂ ਨਾਨਕ ਦੇਵ ਜੀ ਦਾ ਸਰਬ ਕਲਿਆਣਕਾਰੀ ਸੁਨੇਹਾ ਕੁੱਲ ਲੋਕਾਈ ਤੱਕ ਪਹੁੰਚਾਉਣ ਦੀ ਲੋੜ ਤੇ ਜ਼ੋਰ ਦਿੱਤਾ। ਇਸ ਮੌਕੇ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰਸਟ ਕੈਨੇਡਾ ਵੱਲੋਂ ਰਾਮਗੜ੍ਹੀਆ ਸੋਸਾਇਟੀ ਦੇ ਸਹਿਯੋਗ ਨਾਲ ਪ੍ਰਕਾਸ਼ਤ ਕੀਤੀ ਇਸ ਵਿਲੱਖਣ ਪੁਸਤਕ ਲਈ ਜੈਤੇਗ ਸਿੰਘ ਅਨੰਤ ਦੇ ਉੱਦਮ ਦੀ ਸ਼ਲਾਘਾ ਕੀਤੀ ਗਈ। ਡਾ. ਬਲਕਾਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ, ਕਰਮਜੀਤ ਕੌਰ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪ੍ਰੋ. ਬਲਵਿੰਦਰ ਕੌਰ ਮੁਖੀ ਰੀਜਨਲ ਸੈਂਟਰ, ਬਠਿੰਡਾ, ਡੀ. ਐਸ. ਕਪੂਰ ਸਾਬਕਾ ਪ੍ਰਿੰਸੀਪਲ ਗੌਰਮਿੰਟ ਕਾਲਜ ਆਫ ਆਰਟਸ, ਚੰਡੀਗੜ੍ਹ, ਅਤੇ ਬਲਵਿੰਦਰ ਕੌਰ ਮੁਖੀ ਗੁਰੂ ਗ੍ਰੰਥ ਸਾਹਿਬ ਵਿਭਾਗ ਪੰਜਾਬੀ ਯੂਨੀਵਰਸਿਟੀ ਨੇ ਇਸ ਪੁਸਤਕ ਬਾਰੇ ਬਹੁਮੁੱਲੇ ਵਿਚਾਰ ਰੱਖੇ। ਸਮਾਗਮ ਦਾ ਸੰਚਾਲਨ ਉਜਾਗਰ ਸਿੰਘ, ਕੋਆਰਡੀਨੇਟਰ ਇੰਡੀਆ ਚੈਪਟਰ ਹਰਿਦਰਸ਼ਨ ਮੈਮੋਰੀਅਲ ਟਰਸਟ ਦੁਆਰਾ ਕੀਤਾ ਗਿਆ। ਇਸ ਮੌਕੇ ਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਦੀ ਤਰਫੋਂ ਜੱਸਾ ਸਿੰਘ ਰਾਮਗੜ੍ਹੀਏ ਉਪਰ ਡਾਕਟ੍ਰੇਟ ਕਰਨ ਵਾਲੇ ਵਿਦਿਆਰਥੀ ਨੂੰ ਇੱਕ ਲੱਖ ਰੁਪਏ ਦਾ ਐਵਾਰਡ ਅਤੇ ਉਸ ਦੇ ਗਾਈਡ ਨੂੰ 25000 ਰੁਪਏ ਨਾਲ ਸਨਮਾਨਤ ਕਰਨ ਦਾ ਐਲਾਨ ਵੀ ਕੀਤਾ ਗਿਆ। ਸਮਾਗਮ ਵਿਚ ਹੋਰਨਾ ਤੋਂ ਇਲਾਵਾ ਰਛਪਾਲ ਸਿੰਘ ਗਿੱਲ ਸੇਵਾਮੁਕਤ ਡਾਇਰੈਕਟਰ ਭਾਸ਼ਾ ਵਿਭਾਗ, ਜਸਬੀਰ ਕੌਰ ਪ੍ਰਿੰਸੀਪਲ ਗੁਰਮਤ ਕਾਲਜ, ਡਾ. ਕੇਹਰ ਸਿੰਘ, ਪ੍ਰੋ. ਮਨਜੀਤ ਸਿੰਘ, ਡਾ. ਗੁਰਮੀਤ ਸਿੰਘ, ਡਾ. ਅਨਵਰ ਚਿਰਾਗ਼, ਦਰਸ਼ਨ ਸਿੰਘ ਆਸ਼ਟ, ਰਾਜਵੰਤ ਕੌਰ ਪੰਜਾਬੀ, ਪ੍ਰੋ. ਗਰਮੁਖ ਸਿੰਘ ਦੀ ਹਾਜ਼ਰੀ ਵਰਨਣਯੋਗ ਹੈ। ਪੁਸਤਕ ਪ੍ਰਾਪਤੀ ਲਈ ਜੈ ਤੇਗ ਸਿੰਘ ਅਨੰਤ ਨੂੰ ਸਰੀ, ਕੈਨੇਡਾ ਦੇ ਫੋਨ ਨੰ.708 385 8141 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਐਡਮੰਟਨ ਦੇ ਮੁਕਾਬਲੇ ਕੈਲਗਰੀ ਦੀਆਂ ਐਮਰਜੰਸੀ ਮੈਡੀਕਲ ਸੇਵਾਵਾਂ ਕਮਜ਼ੋਰ ਹਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਕੈਲਗਰੀ ਵਿੱਚ ਐਮਰਜੰਸੀ ਮੈਡਿਕਲ ਸਰਵਿਸਿਜ਼ ਨੂੰ ਐਡਮੰਟਨ ਦੇ ਮੁਕਾਬਲੇ 470% ਜ਼ਿਆਦਾ ਰੈੱਡ ਐਲਰਟਾਂ ਦਾ ਸਾਹਮਣਾ ਕਰਨਾ ਪਿਆ ਦੱਸਿਆ ਜਾਂਦਾ ਹੈ। ਕੈਲਗਰੀ ਵਿੱਚ ਪਿਛਲੇ ਵਰ੍ਹੇ ਜੂਨ ਤੋਂ ਲੈ ਕੇ ਇਸ ਸਾਲ ਮਈ ਦਰਮਿਆਨ 3569 ਰੈਡ ਐਲਰਟਾਂ ਹੋਈਆਂ ਜਦੋਂ ਕਿ ਇਸੇ ਸਮੇਂ ਦੌਰਾਨ ਐਡਮੰਟਨ ਵਿੱਚ 626 ਰੈਡ ਐਲਰਟਾਂ ਦਾ ਸਾਹਮਣਾ ਕਰਨਾ ਪਿਆ। 2018 ਦੇ ਮੁਕਾਬਲੇ ਕੈਲਗਰੀ ਵਿੱਚ ਇਹ ਵਾਧਾ 289% ਦਰਜ ਕੀਤਾ ਗਿਆ ਹੈ। ਰੈਡ ਐਲਰਟਾਂ ਦਾ ਅਰਥ, 9-1-1 ਕਾਲ ਕੀਤੇ ਜਾਣ 'ਤੇ ਐਂਬੂਲੈਂਸ ਦਾ ਨਾ ਮਿਲਣਾ ਹੈ। ਕੈਲਗਰੀ ਵਿੱਚ ਹਰ ਮਹੀਨੇ 290 ਵਾਰ ਔਸਤਨ ਅਜਿਹਾ ਹੋਇਆ ਕਿ 9-1-1 ਕਾਲ ਕੀਤੇ ਜਾਣ 'ਤੇ ਕੋਈ ਵੀ ਐਂਬੂਲੈਂਸ ਮੌਜੂਦ ਨਹੀਂ ਸੀ। ਐਡਮੰਟਨ ਵਿੱਚ ਅਜਿਹਾ ਔਸਤਨ 48 ਵਾਰ ਹਰ ਮਹੀਨੇ ਦਰਜ ਕੀਤਾ ਗਿਆ ਹੈ। ਹੈਲਥ ਸਾਇੰਸਿਜ਼ ਐਸੋਸਿਏਸ਼ਨ ਦੇ ਮੁਖੀ ਮਾਇਕ ਪਾਰਕਰ ਦਾ ਕਹਿਣਾ ਹੈ ਕਿ ਹਰ ਸਾਲ ਇਸ ਸਥਿਤੀ ਵਿੱਚ ਨਿਘਾਰ ਆਉਂਦਾ ਦਰਜ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਯੂਸੀਪੀ ਸਰਕਾਰ ਵੱਲੋਂ ਫੰਡਿੰਗ ਕਟੌਤੀ ਦਾ ਇਹ ਅਸਰ ਪਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰੈਡ ਐਲਰਟ ਕਈ ਵਾਰ ਕੁੱਝ ਹੀ ਮਿੰਟਾਂ ਦਾ ਹੁੰਦਾ ਹੈ ਪਰ ਇਹ ਹਾਲਤ ਗੰਭੀਰ ਹੀ ਮੰਨੀ ਜਾਂਦੀ ਹੈ।

# ਇੱਕਾ ਸੁਸਾਇਟੀ ਕੈਲਗਰੀ ਦੇ ਸਾਲਾਨਾ ਸਮਾਗਮ ਦੌਰਾਨ ਬਹੁ ਪੱਖੀ ਸੱਭਿਆਚਾਰ ਦੇ ਰੰਗ ਵੇਖਣ ਨੂੰ ਮਿਲੇ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਓਨਿਟੀ ਐਸੋਸੀਏਸ਼ਨ ਨੇ ਫਾਲਕਨਰੀਜ ਕਮਿਓਨਿਟੀ ਹਾਲ ਵਿੱਚ ਬਹੁ-ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ।ਸਕੱਤਰ ਅਮਰੀਕ ਸਿੰਘ ਸਰੋਆ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਪ੍ਰੋਗਰਾਮ ਦਾ ਆਰੰਭ 'ਕੈਨੇਡਾ ਦੇ ਰਾਸ਼ਟਰੀ ਗੀਤ ਅਤੇ ਜਨ ਗਣ ਮਨ ਨਾਲ ਕੀਤਾ। ਫਿਰ ਉਹਨਾਂ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੂੰ ਇਸ ਸਮਾਗਮ ਦੀ ਸਮੁੱਚੀ ਕਾਰਵਾਈ ਜਾਰੀ ਰੱਖਣ ਦਾ ਸੱਦਾ ਦਿੱਤਾ। ਸ: ਪ੍ਰੇਮੀ ਹੋਰਾਂ ਕਿਹਾ ਕਿ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਸਾਨੂੰ ਇਸ ਬਹੁ -ਸੱਭਿਆਚਾਰਕ ਪ੍ਰੋਗਰਾਮ ਨੂੰ ਮਨੋਰੰਜਨ ਦੇ ਨਾਲ ਮਨਾਉਣ ਦਾ ਮੌਕਾ ਮਿਲ ਰਿਹਾ ਹੈ। ਤਰਲੋਕ ਚੁੱਗ, ਗੁਰਮੀਤ ਸਰਪਾਲ,ਰਵੀ ਜਨਾਗਲ,ਦੀਆਂ ਪੇਸ਼ਕਾਰੀਆਂ ਤੋਂ ਇਲਾਵਾ ਜਸਪ੍ਰੀਆ ਜੌਹਲ ਵੱਲੋਂ ਤਿਆਰ ਬੱਚਿਆਂ ਦੀ ਪੇਸ਼ਕਾਰੀ, ਨੇਪਾਲੀ ਬੱਚਿਆਂ ਦਾ ਪਰੋਗਰਾਮ, ਤੋਂ ਇਲਾਵਾ ਪੰਜਾਬੀ, ਗੁਜਰਾਤੀ, ਮਹਾਰਾਸ਼ਟਰ ਅਤੇ ਮੁਸਲਿਮ ਭਾਈਚਾਰੇ ਵਰਗੇ ਭਾਈਚਾਰਿਆਂ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਦੁਆਰਾ ਇੱਕ ਬਾਲੀਵੁੱਡ ਡਾਂਸ ਪੇਸ਼ ਕੀਤਾ ਗਿਆ। ਮਾਣਯੋਗ ਇਰਫਾਨ ਸਾਬਿਰ, ਵਿਧਾਇਕ ਨੇ ਸਿਹਤ ਗਾਈਡ ਲਾਈਨਾਂ, ਸਾਵਧਾਨੀ ਉਪਾਵਾਂ ਬਾਰੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਸੰਸਥਾ ਵੱਲੋਂ ਗੁਰੂਦਵਾਰਾ ਦਸਮੇਸ਼ ਕਲਚਰਲ ਸੈਂਟਰ ਦੀ ਪਰਬੰਧਕੀ ਟੀਮ ਅਤੇ ਰੇਡੀਓ ਹੋਸਟ ਰਿਸ਼ੀ ਨਾਗਰ ਨੂੰ ਕਰੋਨਾ ਦੇ ਮਾੜੇ ਸਮੇਂ ਦੌਰਾਨ ਚੰਗਾ ਰੋਲ ਨਿਭਾਉਣ ਬਦਲੇ ਸਨਮਾਨ ਚਿੰਨਾਂ ਨਾਲ ਸਨਮਾਨਿਤ ਕੀਤਾ ਗਿਆ।

# ਸਾਰੇ ਹੈਲਥ ਕੇਅਰ ਵਰਕਰਾਂ ਦੇ ਵੈਕਸੀਨ ਲੱਗੀ ਹੋਈ ਜਰੂਰੀ ਹੋਣੀ ਚਾਹੀਦੀ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਮੈਡਿਕਲ ਐਸੋਸਿਏਸ਼ਨ - ਏ.ਐਮ.ਏ. ਨੇ ਸੂਬਾ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਸੂਬੇ ਭਰ ਵਿੱਚ ਸਾਰੇ ਹੈਲਥ ਕੇਅਰ ਵਰਕਰਾਂ ਵਾਸਤੇ ਵੈਕਸਿਨ ਲੈਣਾ ਲਾਜ਼ਿਮ ਕੀਤਾ ਜਾਣਾ ਚਾਹੀਦਾ ਹੈ। ?ਟੈਰੀ?, ਮੈਨਿਟੋਬਾ, ਨਿਊ ਬ੍ਰੰਜ਼ਵਿਕ ਅਤੇ ਨੋਵਾ ਸਕੋਸ਼ੀਆ ਦੀਆਂ ਮੈਡਿਕਲ ਐਸੋਸਿਏਸ਼ਨਾਂ, ਡੌਕਟਰ ਐਸੋਸਿਏਸ਼ਨਾਂ, ਨਰਸਿਜ਼ ਯੂਨੀਅਨਾਂ ਨੇ ਵੀ ਇਸੇ ਤਰ੍ਹਾਂ ਦੀ ਮੰਗ ਦੁਹਰਾਈ ਹੈ। ਐਲਬਰਟਾ ਮੈਡਿਕਲ ਐਸੋਸਿਏਸ਼ਨ ਦੇ ਪ੍ਰੈਜ਼ਿਡੈਂਟ ਪੌਲ ਬੂਸ਼ੇ ਦਾ ਕਹਿਣਾ ਹੈ ਕਿ ਇਸ ਨਾਲ ਸਟਾਫ਼ ਮੈਂਬਰਾਂ, ਮਰੀਜ਼ਾਂ ਅਤੇ ਹੋਰਨਾਂ ਦੀ ਸੁਰੱਖਿਆ ਵਧਾਈ ਜਾ ਸਕੇਗੀ। ਹੈਲਥ ਮਨਿਸਟਰ ਟਾਇਲਰ ਸ਼ੈਨਡਰਏ ਨੂੰ ਲਿਖੀ ਇੱਕ ਚਿੱਠੀ ਵਿੱਚ ਏ.ਐਮ.ਏ. ਨੇ ਕਿਹੈ ਕਿ ਹੈਲਥ ਕੇਅਰ ਵਰਕਰਜ਼ ਵਾਸਤੇ ਵੈਕਸਿਨੇਸ਼ਨ ਮੈਂਡੇਟੋਰੀ ਹੋਣੀ ਚਾਹੀਦੀ ਹੈ। ਹੈਲਥ ਮਨਿਸਟਰ ਦੇ ਦਫ਼ਤਰ ਦਾ ਕਹਿਣਾ ਹੈ ਕਿ ਸਰਕਾਰ ਦੀ ਅਜਿਹਾ ਕਰਨ ਦੀ ਕੋਈ ਯੋਜਨਾ ਨਹੀਂ ਹੈ ਪਰ ਉਹਨਾਂ ਵੱਲੋਂ ਸਾਰਿਆਂ ਨੂੰ ਵੈਕਸਿਨ ਲੈਣ ਲਈ ਅਪੀਲਾਂ ਜ਼ਰੂਰ ਕੀਤੀਆਂ ਜਾ ਰਹੀਆਂ ਹਨ।

# ਹੱਥ ਨਾਲ ਖਾਓ ਛੁਰੀ ਚਮਚੇ ਭਜਾਓ। ਉਂਗਲੀਆਂ ਚੱਟੋ ਤੰਦਰੁਸਤੀ ਖੱਟੋ



ਸੁਖਵਿੰਦਰ ਬਰਾੜ
91-86996-17609





ਵੇਦਾਂ ਅਨੁਸਾਰ ਹੱਥ ਨਾਲ ਖਾਣ ਨਾਲ ਸਾਰੇ ਚੱਕਰਾਂ ਨੂੰ ਐਕਟੀਵੇਟ ਕੀਤਾ ਜਾਂਦਾ ਹੈ ਤੇ ਬਲੱਡ ਸਰਕੂਲੇਸ਼ਨ ਤੇਜ ਹੋ ਜਾਂਦਾ ਹੈ ਜਿਸ ਨਾਲ ਪਾਚਣ ਪ੍ਰਣਾਲੀ ਨੂੰ ਵਧੇਰੇ ਬਲੱਡ ਸਪਲਾਈ ਪਹੁੰਚਦੀ ਹੈ। ਭੋਜਨ ਜਲਦੀ ਤੇ ਸੰਪੂਰਨ ਪਚਦਾ ਹੈ।

ਹੱਥ ਦੀਆਂ ਊਂਗਲੀਆਂ ਨਾਲ ਖਾਣ ਨਾਲ ਛੋਟੇ ਛੋਟੇ ਮਸਲ ਪੱਠਿਆਂ ਦੀ ਐਕਸਰਸਾਈਜ ਹੁੰਦੀ ਹੈ ਤੇ ਹਰੇਕ ਉਂਗਲ ਦੇ ਪੋਟੇ ਪੰਜ ਤੱਤਾਂ ਨੂੰ ਪ੍ਰਭਾਵਤ ਕਰਦੇ ਹਨ। ਜਿਵੇਂ ਕਿ ਅੰਗੂਠਾ ਾਂਰਿਏ ( ਅੱਗ), ਪਹਿਲੀ ਉਂਗਲ ੳਰਿ (ਵਾਯੂ), ਮਿਡਲ ਉਂਗਲੀਂ ਪਅਚਏ ( ਆਕਾਸ਼), ਰਿੰਗ ਉਂਗਲੀ ਓਅਰਟਹ( ਪ੍ਰਿਥਵੀ), ਪਿੰਕੀ ੱਅਟੲਰ ( ਪਾਣੀ)

ਸਾਡਾ ਸਰੀਰ ਵੀ ਪੰਜ ਤੱਤਾਂ ਤੋਂ ਹੀ ਬਣਿਆ ਹੈ। ਵੇਦਾਂ ਅਨੁਸਾਰ ਸਾਡੀਆਂ ਫਿੰਗਰਟਿਪਸ ਛੇ ਚੱਕਰਾਂ ਨਾਲ ਸਬੰਧਤ ਹਨ ਜਿਵੇਂ ਹਰਟ, ਤੀਜੀ ਅੱਖ,ਸੋਲਰਪਲੈਕਸ, ਥਰੋਟ,ਸੈਕਸ, ਰੂਟ ਚੱਕਰਾ। ਜਦੋਂ ਅਸੀਂ ਹੱਥ ਨਾਲ ਖਾਂਦੇ ਹਾਂ ਤਾਂ ਹੱਥ ਦੀ ਛੂਹ ਤੇ ਮੋਸ਼ਨ ਚੱਕਰਾਂ ਨੂੰ ਫਾਇਦੇ ਵਜੋਂ ਪ੍ਰਭਾਵਿਤ ਕਰਦਾ ਹੈ।

ਹੱਥ ਨਾਲ ਖਾਣ ਨਾਲ ਤੁਹਾਡਾ ਭੋਜਨ ਨਾਲ ਸਿੱਧਾ ਕੁਨੈਕਸ਼ਨ ਜੁੜ ਜਾਂਦਾ ਹੈ ਤੇ ਤੁਸੀ ਮਨ ਲਗਾ ਕੇ ਖਾਦੇ ਹੋ ਜਿਹੜਾ ਕਿ ਛੁਰੀ ਕਾਂਟੇ ਜਾਂ ਟੀਵੀ ਆਦਿ ਦੇਖਦੇ ਨਹੀਂ ਅਨੁਭਵ ਕਰ ਸਕਦੇ। ਜਿਸ ਵਕਤ ਤੁਸੀਂ ਭੋਜਨ ਨੂੰ ਛੂੰਹਦੇ ਹੋ ਸਿੱਧਾ ਬਰੇਨ ਨੂੰ ਫਿੰਗਰਟਿਪਸ ਦੀਆਂ ਨਰਵਜ ਰਾਹੀਂ ਮੈਸੇਜ ਪਹੁੰਚ ਜਾਂਦਾ ਹੈ ਕਿ ਭੋਜਨ ਆ ਰਿਹਾ ਹੈ ਤੇ ਬਰੇਨ ਐਡਵਾਂਸ ਚ ਹੀ ਮੂੰਹ, ਮੇਹਦੇ ਤੇ ਪੈਂਕਰੀਆਜ ਨੂੰ ਮੈਸੇਜ ਭੇਜਦਾ ਹੈ ਡਾਈਜੈਸਟਿਵ ਜੂਸ ਬਣਾਉਣ ਲਈ। ਇਸ ਤਰ੍ਹਾਂ ਕਰਨ ਨਾਲ ਭੋਜਨ ਜਲਦੀ ਤੇ ਪੂਰਾ ਹਜਮ ਹੁੰਦਾ ਹੈ ਤੇ ਟੇਸਟੀ ਵੀ ਲਗਦਾ ਹੈ।

ਜਦੋਂ ਅਸੀ ਪੰਜੇ ਉਂਗਲਾਂ ਜੋੜਦੇ ਹਾਂ ਤਾਂ ਇੱਕ ਮੁਦਰਾ ਬਣਦੀ ਹੈ ਜਿਸ ਨੂੰ ਵਿਗਿਆਨ ਮੁਦਰਾ ਕਹਿੰਦੇ ਹਨ। ਇਹ ਮੁਦਰਾ ਦਾ ਕਲਾਸੀਕਲ ਡਾਂਸ ਵਿੱਚ ਖਾਸ ਮਹੱਤਵ ਹੈ ਤੇ ਬਹੁਤ ਆਨੰਦਮਈ ਹੁੰਦੀ ਹੇ। ਜਦੋਂ ਖਾਣਾ ਮੂੰਹ ਵਿੱਚ ਪ੍ਰਵੇਸ਼ ਹੁੰਦਾ ਹੈ ਤਾਂ ਉਂਗਲਾ ਬੁੱਲ੍ਹਾਂ ਨੂੰ ਛੁਹਣਸਾਰ ਸਲਾਈਵਾ (ਇੰਨਜਾਈਮ ਭਰਪੂਰ) ਡੁੱਲਣ੍ਹ ਲਗਦਾ ਹੈ ਤੇ ਅੱਧਾ ਭੋਜਨ ਤਾਂ ਮੂੰਹ ਵਿੱਚ ਹੀ ਹਜ਼ਮ ਹੋ ਜਾਂਦਾ ਹੈ।

ਛੋਟੇ ਬੱਚਿਆਂ ਤੋਂ ਸਿੱਖੋ। ਬੱਚੇ ਅੰਗੂਠਾ ਕਿਉਂ ਚੁੰਘਦੇ ਹਨ? ਜਦੋਂ ਬੱਚੇ ਓਪਰਾ ਦੁੱਧ ਜਾ ਹੈਵੀ ਭੋਜਨ ਖਾਂਦੇ ਹਨ ਤਾਂ ਅਕਸਰ ਹੀ ਉਹ ਅੰਗੂਠਾ ਚੁੰਘਦੇ ਹਨ ਜਿਆਦਾ ਸਲਾਈਵਾ ਬਣਾਉਣ ਲਈ।

ਹੱਥ ਨਾਲ ਖਾਣਾ ਖਾਣ ਵਾਲੇ ਜ਼ਿਆਦਾ ਸਫਾਈ ਰੱਖਦੇ ਹਨ। ਉਹ ਖਾਣਾ ਖਾਣ ਤੋਂ ਪਹਿਲਾਂ ਤੇ ਬਾਅਦ ਵੀ ਹੱਥ ਧੋਂਦੇ ਹਨ। ਜਦੋਂ ਕਿ ਚਮਚੇ ਜਾਂ ਬਰਗਰ ਖਾਣ ਵਾਲੇ ਅਕਸਰ ਹੀ ਬਗੈਰ ਹੱਥ ਧੋਤੇ ਖਾਦੇ ਦੇਖੇ ਜਾ ਸਕਦੇ ਹਨ। ਚਮਚਿਆਂ ਤੇ ਜਿਆਦਾ ਬੈਕਟੀਰੀਆ ਪਾਏ ਜਾਂਦੇ ਹਨ।

ਜਦੋਂ ਚਮਚੇ ਛੁਰੀਆਂ ਬੁੱਲ੍ਹਾਂ ਨੂੰ ਛੂੰਹਦੇ ਹਨ ਤਾਂ ਬਰੇਨ ਨੂੰ ਮੈਸੇਜ ਜਾਂਦਾ ਹੈ ਕਿ ਦੰਦਾਂ ਦਾ ਡਾਕਟਰ ਦੰਦ ਠੀਕ ਕਰ ਰਿਹਾ ਹੈ ਤੇ ਸਲਾਈਵਾ ਨਹੀਂ ਬਣਦਾ ਤੇ ਭੋਜਨ ਵੀ ਪੂਰਾ ਨਹੀਂ ਪਚਦਾ। ਸੱਜਾ ਹੱਥ ਹੀ ਖਾਣਾ ਖਾਣ ਲਈ ਵਰਤਿਆ ਜਾਂਦਾ ਹੈ ਤੇ ਖੱਬਾ ਹੱਥ ਸਾਫ਼ ਨਹੀਂ ਸਮਝਿਆ ਜਾਦਾ ਕਿਉਂਕਿ ਇਹ ਕਿਸੇ ਹੋਰ ਪਰਪਜ਼ ਲਈ ਵੀ ਵਰਤਿਆ ਜਾਂਦਾ ਹੈ।

ਉਂਗਲਾਂ ਨਾਲ ਖਾਣ ਨਾਲ ਤੁਸੀਂ ਭੋਜਨ ਦਾ ਤਾਪਮਾਣ ਨਾਪ ਸਕਦੇ ਹੋ ਤੇ ਜੀਭ ਜਲਣ ਤੇ ਮੂੰਹ ਵਿਚ ਛਾਲੇ ਹੋਣ ਤੋਂ ਬਚ ਸਕਦੇ ਹੋ। ਫਰਸ਼ ਤੇ ਬੈਠ ਕੇ ਖਾਣਾ ਖਾਣ ਨਾਲ ਬਲੱਡ ਸਰਕੂਲੇਸ਼ਨ ਮੇਹਦੇ ਨੂੰ ਵਧ ਜਾਂਦੀ ਹੈ ਇੱਕ ਤਾਂ ਲੱਤਾਂ ਦੀ ਸਪਲਾਈ ਕੱਟ ਜਾਂਦੀ ਹੈ ਦੂਸਰਾ ਬਾਰ ਬਾਰ ਝੁਕਨਾ ਤੇ ਫਿਰ ਮੂੰਹ ਵਿੱਚ ਬੁਰਕੀ ਪਾਉਣ ਲਈ ਉੱਪਰ ਉੱਠਣ ਨਾਲ ਬਲੱਡ ਸਰਕੂਲੇਸ਼ਨ ਵਧਦੀ ਹੈ।

ਹੱਥ ਨਾਲ ਖਾਣ ਨਾਲ ਤੁਸੀਂ ਹੌਲੀ ਖਾਣਾ ਖਾਂਦੇ ਹੋ ਚਮਚੇ ਦੇ ਮੁਕਾਬਲੇ ਤੇ ਬੁਰਕੀ ਸਾਈਜ ਵੀ ਛੋਟਾ ਹੁੰਦਾ ਹੈ ਜਿਸ ਕਰਕੇ ਤੁਸੀਂ ਖਾਣਾ ਘੱਟ ਖਾਦੇ ਹੋ ਤੇ ਪਚਾਉਂਦੇ ਜਿਆਦਾ ਹੋ। ਛਮਚੇ ਜਾਂ ਛੁਰੀ ਨਾਲ ਖਾਣਾ ਆਸਾਨ ਤੇ ਤੇਜ਼ ਹੋ ਜਾਂਦਾ ਹੈ ਜਿਸ ਕਾਰਨ ਸੁਗਰ ਦਾ ਸੰਤੁਲਨ ਵਿਗੜ ਜਾਂਦਾ ਹੇ ਤੇ ਡਾਇਆਬੀਟੀਜ ਦੀ ਬੀਮਾਰੀ ਹੋ ਸਕਦੀ ਹੈ।

ਮੁਸਲਿਮ ਤੇ ਬਹੁਤ ਸਾਰੇ ਕਲਚਰ ਹੱਥ ਨਾਲ ਹੀ ਖਾਣਾ ਖਾਂਦੇ ਹਨ। ਸਾਊਥ ਵਿੱਚ ਮੱਛੀ ਚਾਵਲ ਵੀ ਹੱਥ ਨਾਲ ਹੀ ਖਾਧਾ ਜਾਂਦਾ ਹੈ। ਹੱਥ ਨਾਲ ਮੱਛੀ ਖਾਣ ਨਾਲ ਕੰਡੇ ਵੀ ਮੂੰਹ ਵਿੱਚ ਨਹੀਂ ਜਾਂਦੇ। ਖਾਣਾ ਖਾਣ ਤੋਂ ਬਾਅਦ ਉਂਗਲਾਂ ਚੱਟਣ ਦਾ ਵੀ ਆਂਪਣਾ ਹੀ ਮਜ਼ਾ ਹੇ। ਜਦੋਂਅਸੀਂ ਉਂਗਲਾ ਚੱਟ ਕੇ ਸਾਫ਼ ਕਰਦੇ ਹਾਂ ਤਾਂ ਹਰ ਉਂਗਲ ਦੀ ਨਰਵ ਆਂਖਰੀ ਮੈਸੇਜ ਬਰੇਨ ਨੂੰ ਭੇਜਦੀ ਹੈ ਕਿ ਭੋਜਨ ਤਾਂ ਪੂਰਾ ਹੋ ਗਿਆ ਹੈ। ਪਰ ਉਂਗਲਾਂ ਚੱਟਣ ਨਾਲ ਬਾਕੀ ਰਹਿੰਦੇ ਸਲਾਈਵਾ ਦੀ ਆਖਰੀ ਕਿਸ਼ਤ ਵੀ ਡਿਲਵਰ ਹੋ ਜਾਂਦੀ ਹੈ ਜਿਸ ਨਾਲ ਪਾਚਣ ਕਿਰਿਆ ਪੂਰੀ ਹੋ ਜਾਂਦੀ ਹੈ।

ਖਾਣਾ ਖਾਣ ਬਾਅਦ ਉਂਗਲਾਂ ਚੱਟਣਾ ਨਾ ਭੁੱਲੋ ਤੇ ਹੱਥ ਵੀ ਸਾਬਣ ਨਾਲ ਜ਼ਰੂਰ ਧੋਵੋ॥

# ਟੌਰੌਂਟੋ ਵਾਲਿਆਂ ਤਾਂ ਕਰ ਦਿੱਤਾ ਪਰ ਕੈਲਗਰੀ ਵਾਲੇ ਇਸ ਨੂੰ ਲਾਜਿਮੀ ਨਹੀਂ ਕਰ ਰਹੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਸਿਟੀ ਔਫ਼ ਕੈਲਗਰੀ ਵੱਲੋਂ ਆਪਣੇ ਕਰਮਚਾਰੀਆਂ ਲਈ ਵੈਕਸਿਨੇਸ਼ਨ ਲੈਣਾ ਲਾਜ਼ਿਮ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਸਿਟੀ ਦੇ ਅੰਦਰੂਨੀ ਸਰੋਤਾਂ ਤੋਂ ਹਾਸਲ ਜਾਣਕਾਰੀ ਅਨੁਸਾਰ ਫਿਲਹਾਲ ਅਜਿਹਾ ਕੋਈ ਪ੍ਰੋਗਰਾਮ ਨਹੀਂ ਹੈ ਜਿਸ ਤਹਿਤ ਸਿਟੀ ਕਰਮਚਾਰੀਆਂ ਲਈ ਕੋਵਿਡ ਤੋਂ ਬਚਾਅ ਵਾਸਤੇ ਟੀਕੇ ਲਗਵਾਉਣਾ ਲਾਜ਼ਿਮ ਕੀਤਾ ਜਾ ਸਕਦਾ ਹੈ। ਜਿਹੜੇ ਕਰਮਚਾਰੀ ਆਪੋ ਆਪਣੇ ਘਰਾਂ ਤੋਂ ਕੰਮ ਕਰ ਰਹੇ ਹਨ ਇਹਨਾਂ ਨੂੰ ਪਹਿਲਾਂ 20 ਸਤੰਬਰ ਤੋਂ ਵਾਪਸ ਸੱਦਿਆ ਜਾਣਾ ਸੀ ਪਰ ਹੁਣ ਇਹ ਮਿਤੀ ਅੱਗੇ ਵਧਾ ਕੇ 20 ਅਕਤੂਬਰ ਕੀਤੀ ਜਾ ਰਹੀ ਹੈ। ਸਰਦੀਆਂ ਤੱਕ 33% ਕਰਮਚਾਰੀ ਦਫ਼ਤਰਾਂ ਤੋਂ ਕੰਮ ਕਰਨ ਲੱਗ ਪੈਣਗੇ। ਸਿਟੀ ਔਫ਼ ਟੋਰੰਟੋ ਨੇ ਆਪਣੇ ਕਰਮਚਾਰੀਆਂ ਵਾਸਤੇ 30 ਅਕਤੂਬਰ ਤੱਕ ਵੈਕਸਿਨੇਸ਼ਨ ਲੈਣਾ ਲਾਜ਼ਿਮ ਕਰ ਦਿੱਤਾ ਹੈ।




# ਪਿਸਤੌਲ ਗਾਇਕ



ਪਹਿਲਾਂ ਗਮੰਤਰੀ ਸੁਰ ਤੇ ਤਾਲ ਨੂੰ ਕਾਇਮ ਰੱਖ ਕੇ ਬਿਨਾਂ ਕਿਸੇ ਸਾਜ਼ ਤੋਂ ਗਾਉਂਦੇ ਸਨ। ਉਹਨਾਂ ਨੂੰ ਕਵੀਸ਼ਰ ਆਖਦੇ ਸਨ। ਫੇਰ ਸੁਰ ਵਾਸਤੇ ਸਾਰੰਗੀ ਤੇ ਤਾਲ ਲਈ ਢੱਡ ਆ ਗਈ ।ਉਹਨਾਂ ਨੂੰ ਢਾਡੀ ਆਖਦੇ ਸਨ ।ਉਪਰੰਤ ਤੂੰਬਾ ਆ ਗਿਆ ਤਾਂ ਗਾਇਕ ਨੂੰ ਲੋਕੀ ਤੂੰਬੇ ਵਾਲੇ ਗਾਇਕ ਆਖਣ ਲੱਗ ਪਏ। ਫੇਰ ਅਲਗੋਜ਼ਿਆਂ ਵਾਲੇ ਗਾਇਕ ਆ ਗਏ। ਆਲਮ ਲੁਹਾਰ ਹੋਰੀਂ ਚਿਮਟੇ ਵਾਲੇ ਗਾਇਕ ਵੱਜੋਂ ਨਾਮਣਾ ਖੱਟ ਗਏ ।ਹੱਥ ਨਾਲ ਘੁੰਗਰੂ ਵਜਾ ਕੇ ਗਾਉਣ ਵਾਲੀ ਸੁਰਿੰਦਰ ਕੌਰ ਨੂੰ ਪੰਜਾਬ ਦੀ ਕੋਇਲ ਵੱਜੋਂ ਮਾਣਤਾ ਮਿਲੀ ।ਯਮਲੇ ਮਾਣਕ ਸਦੀਕ ਹੋਰੀਂ ਤੂੰਬੀ ਵਾਲੇ ਗਾਇਕਾਂ ਵੱਜੋਂ ਜਾਣੇ ਗਏ ।ਕੇ ਦੀਪ ਜਗਮੋਹਨ ਕੌਰ , ਰਮੇਸ਼ ਰੰਗੀਲਾ ਤੇ ਸੁਦੇਸ਼ ਕਪੂਰ ਕੋਟ ਪੈਂਟ ਟਾਈ ਤੇ ਸਾੜ੍ਹੀ ਦੇ ਪਹਿਰਾਵੇ ਵਿੱਚ ਸ਼ਹਿਰੀ ਲੋਕਾਂ ਚ ਮਕਬੂਲ ਹੋਏ ।ਗੁਰਦਾਸ ਮਾਨ ਡਫਲੀ ਵਾਲੇ ਗਾਇਕ ਵੱਜੋਂ ਆਇਆ ।

ਤਬਦੀਲੀ ਕੁਦਰਤ ਦਾ ਨਿਯਮ ਹੈ, ਇਸਨੂੰ ਕੋਈ ਨਹੀਂ ਰੋਕ ਸਕਦਾ। ਰੈਪ ਗੀਤ,ਪੋਪ ਗੀਤ,ਡਿਸਕੋ ਗੀਤ, ਇਸੇ ਤਰ੍ਹਾਂ ਸਾਜ਼ ਬਦਲ ਗਏ, ਨਵੇਂ ਆ ਗਏ, ਗੀਤਾਂ ਦੇ ਵਿਸ਼ੇ ਬਦਲ ਗਏ, ਗੀਤਾਂ ਦੀ ਤਾਲ ਪੱਛਮੀ ਆ ਗਈ, ਬਹੁਤ ਕੁੱਝ ਬਦਲ ਗਿਆ ।ਜੋ ਬਦਲਣਾ ਹੀ ਸੀ ਪਰ ਕਲਾਕਾਰ ਕੋਮਲ ਦਿਲ ਹੁੰਦਾ ਸੀ, ਕੋਮਲ ਦਿਲ ਹੁੰਦਾ ਹੈ, ਗਾਇਕ ਕੋਮਲ ਦਿਲ ਹੀ ਹੋਵੇਗਾ, ਗਾਉਣ ਦਾ ਲਹਿਜਾ ਜੋ ਮਰਜ਼ੀ ਹੋਵੇ,ਗੀਤ ਦਾ ਵਿਸ਼ਾ ਜੋ ਮਰਜ਼ੀ ਹੋਵੇ । ਪਰ ਆਹ ਜੂ ਟੂਪ ਤੇ ਮੈਂ ਇਕ ਅਸਲੋਂ ਹੀ ਈ ਨਵਾਂ ਸਿਖਾਂਦਰੂ ਗਾਇਕ ਦੇਖਿਆ ।ਉਹ ਹੱਥ ਚ ਪਿਸਤੌਲ ਫੜ ਕੇ ਪਿਸਤੌਲ ਨੂੰ ਬੜਾ ਉੱਛਾਲ ਉੱਛਾਲ ਕੇ ਗਾ ਰਿਹਾ ਸੀ ।ਮੈਂ ਦਿਲ ਵਿੱਚ ਸੋਚਿਆ ਕਿ ਹੁਣ ਸਾਜ਼ਾਂ ਦਾ ਜ਼ਮਾਨਾ ਤਾਂ ਗਿਆ ।ਹੁਣ "ਪਿਸਤੌਲ ਗਾਇਕ" ਲੋਕਾਂ ਦਾ ਮਨੋਰੰਜਨ ਕਿੱਦਾਂ ਕਰਿਆ ਕਰਨਗੇ ? ਪਿਸਤੌਲ ਰੱਖਣਾ ਮਾੜੀ ਗੱਲ ਨਹੀਂ, ਸਵੈ ਰੱਖਿਆ ਕਰਨੀ ਬਹੁਤ ਜ਼ਰੂਰੀ ਹੈ, ਪਰ ਦਿਖਾਵਾ ਠੀਕ ਨਹੀਂ ਲੱਗਦਾ। ਉਂ ਮੇਰੇ ਹਿਸਾਬ ਨਾਲ ਗਾਇਕ ਦਾ ਅਸਲੀ ਹਥਿਆਰ ਤਾਂ ਉਸਦਾ ਗਲਾ ਈ ਹੁੰਦੈ !**'ਗਲਾ ਬੰਦੂਕ ਤੇ ਗੀਤ ਰੌਂਦ'**। ਕੇਰਾਂ ਵਜਦ 'ਚ ਆਕੇ ਆਪਣੀ ਬੰਦੂਕ ਵਿੱਚ ਸਹੀ ਰੌਂਦ ਪਾਕੇ ਫਾਇਰ ਕਰੇ ਤਾਂ ਸਹੀ ਗੱਲ ਐ ਦਸ ਵੀਹ ਹਜ਼ਾਰ ਬੰਦੇ ਨੂੰ ਇੱਕ ਰੌਂਦ ਨਾਲ ਈ ਪਾਣੀ ਮੰਗਣ ਲਾ ਲੈਂਦਾ ਐ ।

# ਸਾਨੂੰ ਨਹਿਰ ਵਾਲੇ ਪੁਲ ਤੇ ਬੁਲਾ ਕੇ

**ਸਾਨੂੰ ਨਹਿਰ ਵਾਲੇ ਪੁਲ ਤੇ ਬੁਲਾ ਕੇ**
**ਤੇ ਖੌਰੇ ਮਾਹੀ ਕਿੱਥੇ ਰਹਿ ਗਿਆ ।**
**ਸਾਡੀ ਅੱਖਾਂ ਵਿੱਚੋਂ ਨੀਂਦਰਾਂ ਚੁਰਾ ਕੇ**
**ਖ਼ੌਰੇ ਮਾਹੀ ਕਿੱਥੇ ਰਹਿ ਗਿਆ ।**

ਭਾਵੇਂ ਇਹ ਗੀਤ ਲਹਿੰਦੇ ਪੰਜਾਬ ਵਿੱਚ ਰਿਕਾਰਡ ਹੋਇਆ ਪਰ ਮਕਬੂਲ ਚੜ੍ਹਦੇ ਲਹਿੰਦੇ ਪੰਜਾਬ ਸਮੇਤ ਦੁਨੀਆਂ ਦੇ ਕੋਨੇ-ਕੋਨੇ ਵਿੱਚ ਵਸਦੇ ਸਮੂਹ ਪੰਜਾਬੀਆਂ ਦੇ ਦਿਲਾਂ ਵਿੱਚ ਹੋਇਆ ।ਜਿਸਦਾ ਸਬੂਤ ਇਸ ਗੱਲ ਤੋਂ ਮਿਲਦੈ ਕਿ ਜਿੱਥੇ ਇਸ ਗੀਤ ਦਾ ਤਵਾ (ਰਿਕਾਰਡ) ਕਰਾਚੀ ਪਾਕਿਸਤਾਨ ਵਿੱਚ ਬਣਿਆ ਉੱਥੇ ਇਹ ਰਿਕਾਰਡ ਕਲਕੱਤੇ ਭਾਰਤ ਵਿੱਚ ਵੀ ਬਣਿਆ। ਇਹ ਦੋਵੇਂ ਹੀ ਰਿਕਾਰਡ ਮੇਰੀ ਲਾਇਬਰੇਰੀ ਵਿੱਚ ਮੌਜੂਦ ਹਨ ।ਜਦੋਂ ਵੀ ਇਸ ਗੀਤ ਦੀ ਗੱਲ ਚਲਦੀ ਐ ਤਾਂ ਇੱਕੋ ਹੀ ਸੰਬੋਧਨ ਹੁੰਦੈ "ਨੂਰ ਜਹਾਂ ਦਾ ਗੀਤ" ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨੂਰ ਜਹਾਂ ਜੀ ਨੇ ਇਸਨੂੰ ਬਾਕਮਾਲ ਗਾਇਆ ।ਪਰ ਇਸ ਗੀਤ ਦੇ ਗੀਤਕਾਰ ਦੀ ਗੱਲ ਕੋਈ ਨਹੀਂ ਕਰਦਾ 'ਤੇ ਨਾਂ ਹੀ ਇਹ ਧੁਨ ਬਣਾਉਣ ਵਾਲੇ ਸੰਗੀਤਕਾਰ ਦਾ ਕੋਈ ਨਾਮ ਲੈਂਦੈ ।ਜਦੋਂ ਕਿ ਸਭ ਤੋਂ ਪਹਿਲਾਂ ਗੀਤ ਦਾ ਰਚਨਹਾਰਾ, ਫੇਰ ਧੁੰਨ ਬਣਾਉਣ ਵਾਲਾ, ਫੇਰ ਗਾਉਣ ਵਾਲਾ ਸੰਗੀਤ ਪ੍ਰੇਮੀਆ ਦੇ ਸਾਹਮਣੇ ਆਉਂਦਾ ਹੈ। ਆਓ ਤੁਹਾਨੂੰ ਦੱਸੀਏ ਕਿ ਇਸ ਦੇ ਗੀਤਕਾਰ ਦਾ ਨਾਮ 'ਤੇ ਸੰਗੀਤਕਾਰ ਦਾ ਨਾਮ ਕੀ ਹੈ ? ਇਹ ਗੀਤ ਜਨਾਬ 'ਰਾਊਫ ਸ਼ੇਖ਼' ਦਾ ਲਿਖਿਆ ਹੋਇਆ ਹੈ। 'ਰਾਊਫ ਸ਼ੇਖ਼' ਦਾ ਜਨਮ 14 ਅਗਸਤ 1933 ਨੂੰ ਹਾਫਿਜ਼ਾਬਾਦ (ਗੁਜਰਾਂਵਾਲਾ ਡਿਵੀਜ਼ਨ) ਵਿੱਚ ਹੋਇਆ, ਉਸਦੇ ਪਿਤਾ ਜੀ ਲਾਹੌਰ ਵਿੱਚ ਕਪੜੇ ਦੀ ਦੁਕਾਨ ਕਰਦੇ ਸਨ। ਰਾਊਫ ਦੀ ਕਾਲਜੀ ਪੜ੍ਹਾਈ ਲਾਹੌਰ ਵਿੱਚ ਹੀ ਹੋਈ। ਪਿਤਾ ਜੀ ਨਾਲ ਦੁਕਾਨ ਦੇ ਕੰਮ ਵਿੱਚ ਵੀ ਹੱਥ ਵਟਾਉਣਾ, ਪੜ੍ਹਾਈ ਵੀ ਕਰਨੀ ਤੇ ਸ਼ਾਇਰੀ ਦਾ ਸ਼ੌਕ ਵੀ ਪਾਲਣਾ ਉਸਦੇ ਨਿੱਤ ਵਿਹਾਰ ਹਿੱਸਾ ਸੀ। ਰਾਊਫ ਸ਼ੇਖ ਪੰਜਾਬੀ ਦੇ ਕਮਾਲ ਦੇ ਕਵੀ, ਗਜ਼ਲਗੋ, ਤੇ ਗੀਤਕਾਰ ਬਣੇ ਉਹਨਾਂ ਦੀਆਂ ਕਵਿਤਾਵਾਂ ਪਾਕਿਸਤਾਨੀ ਪੰਜਾਬ ਦੇ ਸਕੂਲਾਂ ਕਾਲਜ ਦੇ ਸਿਲੇਬਸ ਵਿੱਚ ਵੀ ਪੜ੍ਹਾਈਆਂ ਜਾਂਦੀਆ ਹਨ।ਇਸ ਗੀਤ ਦੀ ਸਦਾਬਹਾਰ ਧੁੰਨ ਸੰਗੀਤਕਾਰ ਜਨਾਬ 'ਸਲੀਮ ਇਕਬਾਲ' ਨੇ ਬਣਾਈ ਸੀ ।




ਇਸ ਸਦੀ ਨੇ ਸਾਨੂੰ ਹੋਰਨਾਂ ਨੂੰ ਭਰਮਾਉਣ ਵਾਲੀ ਤਰਜ਼ੇ ਜ਼ਿੰਦਗੀ ਦੇ ਦਿੱਤੀ ਹੈ।ਪੈਕਿੰਗ ਦਾ ਬੋਲ ਬਾਲਾ ਵਧਿਆ ਹੈ।ਨਤੀਜੇ ਵੱਜੋਂ ਜ਼ਿੰਦਗੀ ਦੀ ਹਰ ਪਰਤ ਵਿੱਚ ਲਿਫਾਫੇਬਾਜ਼ੀ ਜਾਂ ਦਿਖਾਵੇ ਨੇ ਘਰ ਕਰ ਲਿਆ ਹੈ।ਬੱਸ ਉਪਰਲੀ ਲਪੇਟ ਲੁਭਾਵਣੀ, ਭੜਕੀਲੀ ਅਤੇ ਅੱਖਾਂ ਨੂੰ ਭਰਮਾ ਲੈਣ ਵਾਲੀ ਹੋ ਗਈ।ਇਸੇ ਜੀਵਨ ਜਾਚ ਵਿੱਚੋਂ ਹੀ ਮੈਰਿਜ ਪੈਲੇਸ, ਪਾਰਲਰ ਅਤੇ ਜਿਮ ਵਰਗੇ ਵਪਾਰ ਪਲ੍ਹਰੇ ਹਨ। ਸ਼ਾਦੀਆਂ ਵਿੱਚ ਲੋਕ ਨੁਮਾਇਸ਼ ਵਿਚਲੀ ਵਸਤ ਵਾਂਗ ਪੂਰੀ ਵਾਹ ਲਾ ਕੇ ਸਜ ਸੰਵਰ ਕੇ ਇੱਕ ਵੇਖਣਯੋਗ ਜਾਂ ਪਰੋਸਣਯੋਗ ਵਸਤ ਵਾਂਗ ਹੀ ਪਿੜ ਵਿੱਚ ਉਤਰਦੇ ਹਨ।ਇਸ ?ਪਰੀ ਪਰਤ ਨੇ ਅੰਦਰੋਂ ਕੀ ਕੁਛ ਕੇਰ ਦਿੱਤਾ ਹੈ, ਉਸ ਦਾ ਲੇਖਾ ਜੋਖਾ ਕਰਨ ਦੀ ਫੁਰਸਤ, ਰੁਚੀ ਜਾਂ ਸਮਰੱਥਾ ਹੀ ਨਹੀਂ ਰਹੀ ਹੈ। ਇਸ ਸਭ ਤੋਂ ਵਿਰਵੇ ਇੱਕ ਵਿਆਹ ਦੀ ਬਾਤ ਪਾਉਣ ਜਾ ਰਹੀ ਹਾਂ।ਕਈ ਦਹਾਕੇ ਪਹਿਲਾਂ ਮੈਂ ਪਿੰਡ ਸਾਡੀ ਹੀ ਕਿਸੇ ਧੀ ਦੇ ਕਾਰਜ ਗਈ ਸੀ। ਅੰਨ੍ਹਿਆਂ ਵਿੱਚ ਕਾਣੇ ਰਾਜੇ ਵਾਂਗ ਮੈਨੂੰ ਪੜ੍ਹੀ ਲਿਖੀ ਜਾਣ ਕੇ ਸਭ ਕਲਾਂ ਸੰਪੂਰਨ ਹੀ ਮੰਨ ਰਹੇ ਸਨ। ਸੋ ਵਿਆਹੁਲੀ ਕੁੜੀ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ ਮੇਰੇ ਸਿਰ ਆ ਪਈ। ਪਹਿਲਾਂ ਖਿਲਰੀਆਂ ਬੂਦਰੀਆਂ ਵਾਲੀ ਰੁਲੀ ਖੁਲੀ ਜਿਹੀ ਉਸ ਗੋਰੀ ਚਿੱਟੀ ਕੁੜੀ ਨੇ ਜਦ ਲਾਲ ਸੂਹਾ ਬਾਣਾ ਪਾਇਆ, ਉਸ ਨੂੰ ਖੂਬ ਰੂਪ ਚੜ੍ਹਿਆ।ਮੈਂ ਉਸ ਦੇ ਲਾਲ ਸੂਹੀ ਲਿਪਸਟਿਕ ਲਗਾ ਦਿੱਤੀ।ਉਸ ਸਮੇਂ ਉਸ ਨੇ ਠੰਢ ਕਰ ਕੇ ਆਪਣੇ ਦੁਆਲੇ ਖੇਸੀ ਦੀ ਬੁੱਕਲ ਮਾਰੀ ਹੋਈ ਸੀ ਜਦ ਮੈਂ ਉਸ ਨੂੰ ਤਿਆਰ ਕਰ ਕੇ ਬਾਹਰ ਲਿਜਾਣ ਲੱਗੀ ਤਾਂ ਇੱਕ ਮਰਦ ਉਸ ਕਮਰੇ ਵਿੱਚ ਕੋਈ ਸੰਦ ਲੈਣ ਆ ਗਿਆ। ਉਸ ਅਲ੍ਹੜ ਕੁੜੀ ਨੇ 'ਬੂਹ ਤਾਇਆ-ਬੂਹ ਤਾਇਆ'ਕਰ ਕੇ ਆਪਣੀ ਸਾਰੀ ਸੁਰਖੀ ਗੱਲ੍ਹਾਂ ਤਕ ਖੇਸੀ ਨਾਲ ਲਿੱਪ ਧਰੀ।ਉਸ ਪਿੱਛੋਂ ਜਦੋਂ ਵੀ ਕਿਸੇ ਮੈਰਿਜ ਪੈਲੇਸ ਵਿੱਚ ਹੋ ਰਹੇ 'ਹਮ ਘਰ ਸਾਜਨ ਆਏ' ਸਮੇ ਪਾਰਲਰ ਤੋਂ ਸਜ ਕੇ ਕੋਈ ਕੁੜੀ ਪਿਛਲੇ ਦਰ ਤੋਂ ਕਾਹਲੀ ਕਾਹਲੀ ਰੱਬ ( ਗੁਰੂ ਗ੍ਰੰਥ ਸਾਹਿਬ ) ਮੂਹਰੇ ਆ ਹਾਜ਼ਰੀ ਭਰਦੀ, ਮੱਥਾ ਟੇਕਣ ਨਾਲੋਂ ਬਣ ਰਹੀ ਮੂਵੀ ਵੱਲ ਵੱਧ ਵੇਖਦੀ ਹੋਈ ਨੂੰ ਤਕਦੀ ਹਾਂ ਤਾਂ ਉਹ ਲਿਪਸਟਿਕ ਮਲਣ ਵਾਲੀ ਵਿਆਂਦੜ ਕੁੜੀ ਵੱਧ ਖ਼ੂਬਸੂਰਤ ਵੱਜੋਂ ਯਾਦ ਆਉਂਦੀ ਹੈ।

## ਜਦੋਂ ਵਿਆਹ 'ਚ ਸ਼ਿਵ ਕੁਮਾਰ ਬਟਾਲਵੀ ਨੂੰ ਵੇਖਣ ਆਏ ਸੀ ਲੋਕ




ਇਸੇ ਤਰ੍ਹਾਂ ਦਾ ਨਿਰਉਚੇਚ ਵਿਆਹ ਪੁਸ਼ਟੀ ਵਜੋਂ ਲਿਖ ਰਹੀ ਹਾਂ ਜੋ ਮੈਂ ਲੇਖਕ ਦੇ ਮੂੰਹੋਂ ਹੀ ਸੁਣਿਆ ਹੈ। ਪ੍ਰਸਿੱਧ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦੇ ਵਿਆਹ ਵੇਲੇ ਬਰਾਤ ਬਸ ਵਿੱਚ ਜਾ ਚੁੱਕੀ ਸੀ ਪਰ ਉਸ ਨੇ ਪ੍ਰੋ. ਮੋਹਨ ਸਿੰਘ ਅਤੇ ਕੁਲਵੰਤ ਸਿੰਘ ਵਿਰਕ ਨੂੰ ਆਪ ਕਾਰ ਚਲਾ ਕੇ ਨਾਲ ਲਿਜਾਣਾ ਸੀ। ਅੱਗੋਂ ਪ੍ਰੋ. ਮੋਹਨ ਸਿੰਘ ਕਿਸੇ ਅਖ਼ਬਾਰ ਦੇ ਐਡੀਟਰ ਨਾਲ ਸ਼ਤਰੰਜ ਖੇਡਦੇ ਮਿਲੇ।ਜਦੋਂ ਚੱਲਣ ਲਈ ਕਿਹਾ ਤਾਂ ਕਹਿੰਦੇ ਬਸ ਆਹ ਬਾਜ਼ੀ ਲਾ ਕੇ ਚਲਦੇ ਹਾਂ, ਨਾਲੇ ਆਹ ਐਡੀਟਰ ਵੀ ਨਾਲ ਹੀ ਚੱਲੇਗਾ। ਮਸਾਂ ਬਾਜ਼ੀ ਮੁੱਕੀ ਤਾਂ ਆਪ ਕਾਰ ਚਲਾ ਕੇ ਸਹੁਰੇ ਪਿੰਡ ਪੁੱਜੇ। ਅੱਗੋਂ ਬਾਪੂ ਜੀ ਝਿੜਕਾਂ ਦੇਣ ਬਈ ਸਾਡੀ ਹੱਤਕ ਹੋ ਗਈ, ਲੇਟ ਕਿਉਂ ਆਇਆ। ਲਾੜੇ ਦੇ ਕਾਲੀ ਪੈਂਟ ਪਾਈ ਹੋਈ ਸੀ ਤੇ ਨਾਲ ਦਾ ਕੋਟ ਬਰਾਤ ਵਾਲੀ ਬਸ ਦੇ ਉਪਰ ਬੰਨ੍ਹੇ ਟਰੰਕ ਵਿੱਚ ਸੀ। ਸਮਾ ਤੇ ਹਿੰਮਤ ਨਾ ਹੋਣ ਕਾਰਨ ਦਿੱਲੀ ਤੋਂ ਆਏ ਦੇਸ ਰਾਜ ਗੋਇਲ ਦੇ ਪਾਇਆ ਕਾਲਾ ਕੋਟ ਇਹ ਕਹਿ ਕੇ ਲੁਹਾ ਲਿਆ ਕਿ ਛੇਤੀ ਕਰ, ਅੱਜ ਮੇਰਾ ਦਿਨ ਐ, ਮੈਂ ਪਾਉਣੈ। ਫੇਰ ਜਦ ਚਾਹ ਪੀਣ ਲੱਗਿਆ ਤਾਂ ਦੇਸ ਰਾਜ ਆ ਕੇ ਕੋਟ ਦੀ ਜੇਬ ਵਿੱਚੋਂ ਸਿਗਰਟ ਦੀ ਡੱਬੀ ਕਢਦਾ ਹੋਇਆ ਬੋਲਿਆ,'ਚਲ ਮੇਰਾ ਕੋਟ ਤਾਂ ਪਾਈ ਰੱਖ, ਬੱਸ ਮੈਂ ਤਾਂ ਆਹੀ ਲੈਣੀ ਸੀ'। ਸੋ ਕੋਲ ਖੜ੍ਹੇ ਸਾਰਿਆਂ ਨੂੰ ਮੰਗਵੇਂ ਕੋਟ ਦਾ ਪਤਾ ਲੱਗ ਗਿਆ। ਐਨੇ ਨੂੰ ਇੱਕ ਟਰੱਕ ਬੱਕਰੀਆਂ ਦਾ ਭਰਿਆ ਆ ਰੁੱਕਿਆ। ਸਾਰੇ ਹੈਰਾਨ ਹੋ ਗਏ ਜਦੋਂ ਉਸ ਟਰੱਕ ਵਿੱਚੋਂ ਉਤਰ ਕੇ ਸੰਤ ਸਿੰਘ ਸੇਖੋਂ ਦੱਸ ਰਹੇ ਸਨ ਕਿ ਸਵਾਰੀ ਕੋਈ ਮਿਲੀ ਨਹੀਂ, ਆਹ ਟਰੱਕ ਵਾਲੇ ਦੀ ਕ੍ਰਿਪਾ ਨਾਲ ਹੀ ਪਹੁੰਚਿਆ ਹਾਂ। ਦਿਨ ਦੇ ਬਾਰਾਂ ਵਜੇ ਸ਼ਰਾਬੀ ਹੋਇਆ ਸ਼ਿਵ ਕੁਮਾਰ ਬਟਾਲਵੀ ਬਸ ਤੋਂ ਉਤਰਿਆ ਤਾਂ ਲੋਕ ਉਸ ਦੁਆਲੇ ਹੋ ਰਹੇ ਸਨ। ਬਰਾਤੀ ਉਸ ਨੂੰ ਲੁਕੋਂਦੇ ਫਿਰਨ।ਉਹ ਥੱਕ ਕੇ ਸੌਂ ਗਿਆ। ਅਗਲੇ ਦਿਨ ਵਿਆਹ ਮਗਰੋਂ ਲੋਕ ਸ਼ਿਵ ਨੂੰ ਸੁਣਨ ਆਏ। ਉਸ ਨੇ ਪੂਰੇ ਤਰੱਨੁਮ ਵਿੱਚ ਗਾਇਆ-ਧੀਆਂ ਦੇ ਦੁੱਖ ਡਾਢੇ ਵੇ ਲੋਕਾ। ਪੰਡਾਲ ਵਿੱਚ ਬੈਠੀਆਂ ਸਾਰੀਆਂ ਔਰਤਾਂ ਰੋਣ ਲਾ ਦਿੱਤੀਆਂ। ਉੱਤੋਂ ਸੰਤ ਸਿੰਘ ਸੇਖੋਂ ਨੇ ਪੋਚਾ ਮਾਰਿਆ ਕਿ ਕਵੀ ਭਾਵੁਕ ਹੋ ਜਾਂਦਾ ਹੈ, ਉਸ ਨੂੰ ਪਤਾ ਨਹੀਂ ਲੱਗਦਾ ਕਿੱਥੇ ਕੀ ਗਾਈਦੈ, ਉਸ ਦਾ ਵੱਖਰਾ ਸੰਸਾਰ ਹੁੰਦੈ।

ਉਂਝ ਧੀਆਂ ਪੁੱਤਰਾਂ ਵਿੱਚ ਕੋਈ ਫ਼ਰਕ ਨਹੀਂ ਹੈ। ਉਪ੍ਰੋਕਤ ਜ਼ਿਕਰ ਵਿੱਚ ਆਏ ਸਾਰੇ ਉਹ ਪਾਤਰ ਹਨ ਜਿਨ੍ਹਾਂ ਨੇ ਸਾਹਿਤਕ ਜਗਤ ਵਿੱਚ ਅਮਿਟ ਪੈੜਾਂ ਕਰ ਕੇ ਲੋਕ ਨਜ਼ਰਾਂ ਵਿੱਚ ਪਰਵਾਨਗੀ ਖੱਟੀ ਹੈ। ਇਹ ਰੱਖ-ਰਖਾਅ ਦੀ ਵਲਗਣ ਦਿਲ ਦੀਆਂ ਗਹਿਰਾਈਆਂ ਤੋਂ ਸੱਖਣੀ ਹੀ ਹੁੰਦੀ ਹੈ। ਨਿਰਉਚੇਚ ਅੱਖਰਾਂ ਦੀ ਪਗਡੰਡੀ ਤੁਰਦੇ ਇਹ ਸਾਰੇ ਪਾਤਰ ਲੋਕ-ਮਨਾਂ ਤੱਕ ਘਰ ਕਰਦੇ ਰਹੇ ਹਨ।

# ਕੈਨੇਡਾ ਵੱਲੋਂ ਜਲਦੀ ਹੀ 20 ਹਜ਼ਾਰ ਅਫ਼ਗ਼ਾਨ ਨਾਗਰਿਕਾਂ ਨੂੰ ਕੈਨੇਡਾ ਲਿਆਂਦੇ ਜਾਣ ਦਾ ਐਲਾਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਗਾਨਿਸਤਾਨ ਵਿੱਚ ਬਦਲੇ ਰਾਜਨੀਤਕ ਹਾਲਾਤ ਵਿੱਚ ਕੈਨੇਡੀਅਨ ਮਿਲਟਰੀ ਜਹਾਜ਼ ਰਾਹੀਂ 106 ਅਫ਼ਗਾਨ ਨਾਗਰਿਕਾਂ ਨੂੰ ਸੁਰੱਖਿਅਤ ਕੱਢ ਲਿਆਂਦਾ ਗਿਆ ਹੈ। ਇਸ ਵਿਚ ਐਲਾਇਡ ਸਰਵਿਸਿਜ਼ ਦੇ ਮੈਂਬਰ ਵੀ ਸਵਾਰ ਦੱਸੇ ਜਾਂਦੇ ਹਨ ਪਰ ਇਹਨਾਂ ਦੀ ਗਿਣਤੀ ਨਹੀਂ ਦੱਸੀ ਗਈ ਹੈ। ਕੈਨੇਡੀਅਨ ਆਰਮਡ ਫੋਰਸਿਜ਼ ਦੇ ਦੋ ਜਹਾਜ਼ ਹੁਣ ਤੱਕ ਹੁਣ ਤੱਕ ਉਥੋਂ ਖ਼ਤਰੇ ਹੇਠ ਰਹਿ ਲੋਕਾਂ ਨੂੰ ਲਿਆਉਣ ਵਿੱਚ ਕਾਮਯਾਬ ਰਹੇ ਹਨ। ਕੈਨੇਡੀਅਨ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਬੁਲ ਦੇ ਏਅਰਪੋਰਟ ਦੇ ਅੰਦਰ ਤਾਲਿਬਾਨ ਦਾ ਕਬਜ਼ਾ ਹੋਣ ਕਰਕੇ ਕੈਨੇਡੀਅਨ ਮਿਸ਼ਨ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ ਦਾ ਕਹਿਣਾ ਹੈ ਕਿ ਏਅਰਪੋਰਟ ਦੇ ਨੇੜਲੇ ਇਲਾਕਿਆਂ ਵਿੱਚ ਹਾਲਾਤ ਖ਼ਤਰਨਾਕ ਬਣੇ ਹੋਏ ਹਨ ਪਰ ਜਿੰਨੇ ਵੀ ਕੈਨੇਡੀਅਨ ਅਤੇ ਅਫ਼ਗਾਨ ਨਾਗਰਿਕ ਸੁਰੱਖਿਅਤ ਲਿਆਂਦੇ ਜਾ ਸਕੇ, ਉਨੇ ਲਿਆਂਦੇ ਜਾਣਗੇ। ਡਿਫੈਂਸ ਮਨਿਸਟਰ ਹਰਜੀਤ ਸੱਜਣ, ਇਮਿਗ੍ਰੇਸ਼ਨ ਮਨਿਸਟਰ ਮਾਰਕੋ ਮੈਂਡਿਚੀਨੋ ਅਤੇ ਫੌਰੇਨ ਅਫੇਅਰਜ਼ ਮਨਿਸਟਰ ਮਾਰਕ ਗਾਰਨਉ ਨੇ ਮੀਡੀਆ ਨੂੰ ਦੱਸਿਆ ਕਿ ਅਫ਼ਗਾਨਿਸਤਾਨ ਤੋਂ ਭੱਜ ਕੇ ਕਿਸੇ ਹੋਰ ਮੁਲਕ ਵਿੱਚ ਵੀ ਗਏ ਇਹਨਾਂ ਵਿਅਕਤੀਆਂ ਨੂੰ ਕੈਨੇਡਾ ਲਿਆਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਜੀ-7 ਦੇਸ਼ਾਂ ਦੇ ਮੁਖੀਆਂ ਨਾਲ ਇਸ ਮਾਮਲੇ 'ਤੇ ਗੱਲ ਕਰਨਗੇ। ਡਿਫੈਂਸ ਮਨਿਸਟਰ ਸੱਜਣ ਨੇ ਦੱਸਿਆ ਕਿ ਕੈਨੇਡੀਅਨ ਫੋਰਸਿਜ਼ ਦੀ ਮੱਦਦ ਕਰਨ ਵਾਲੇ ਸਟਾਫ਼ ਨੂੰ ਕੈਨੇਡਾ ਲਿਆਉਣ ਵਾਸਤੇ ਜੇ ਸਪੈਸ਼ਲ ਫੋਰਸਿਜ਼ ਦੀ ਵਰਤੋਂ ਕਰਨ ਦੀ ਲੋੜ ਪਈ ਤਾਂ ਉਹ ਵੀ ਕੀਤਾ ਜਾਵੇਗਾ। ਅਜਿਹਾ ਕਰਨ ਲਈ ਇਹਨਾਂ ਸਪੈਸ਼ਲ ਫੋਰਸਿਜ਼ ਨੂੰ ਤਿਆਰ ਰਹਿਣ ਲਈ ਕਿਹਾ ਗਿਆ ਹੈ। ਕੈਨੇਡਾ ਵੱਲੋਂ ਜਲਦੀ ਹੀ 20 ਹਜ਼ਾਰ ਅਫ਼ਗਾਨ ਨਾਗਰਿਕਾਂ ਨੂੰ ਕੈਨੇਡਾ ਲਿਆਂਦੇ ਜਾਣ ਦਾ ਐਲਾਨ ਕੀਤਾ ਗਿਆ ਹੈ। ਤਾਲਿਬਾਨ ਨੇ ਮੋਢੀਆਂ ਵਿੱਚੋਂ ਇੱਕ ਅਤੇ ਇਸਦੇ ਸਿਆਸੀ ਵਿੰਗ ਦੇ ਮੁੱਖੀ ਮੁੱਲਾ ਅਬਦੁਲ ਗ਼ਨੀ ਬਰਾਦਰ ਦੇਸ਼ ਵਿੱਚ ਨਵੀਂ ਤਾਲਿਬਾਨ ਸਰਕਾਰ ਬਣਾਉਣ ਲਈ ਬੈਠਕਾਂ ਕਰਨ ਲਈ ਕਾਬੁਲ ਪਹੁੰਚ ਗਏ ਹਨ। ਕਾਬੁਲ ਏਅਰਪੋਰਟ 'ਤੇ ਗੋਲੀਬਾਰੀ ਦੀ ਇੱਕ ਘਟਨਾ ਵਿੱਚ ਇਕ ਅਫਗਾਨ ਫੌਜੀ ਦੇ ਮਾਰੇ ਜਾਣ ਦੀ ਵੀ ਸੂਚਨਾ ਹੈ।

**facebook** ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮਖਿਆ ਯਰ ਅਫਗਾਨਿਸਤਾਨ ਚ ਵਸਦੇ ਸਾਡੇ ਸਿੱਖ ਭਾਈਚਾਰੇ ਦਾ ਵੀ ਖਿਆਲ ਰੱਖਿਓ....



ਰਾਤ ਸੁਫ਼ਨੇ ਚ ਇੱਕ ਬੰਦਾ ਟੱਕਰ ਗਿਆ.... ਮਖਿਆ ਤੂੰ ਕੌਣ..?
ਕਹਿੰਦਾਂ ਸਾਨੂੰ ਤਾਲਿਬਾਨੀ ਕਹਿੰਦੇ ਆ....
ਮਖਿਆ ਮੇਰੇ ਸੁਫ਼ਨੇ ਚ ਕੀ ਲੈਣ ਆਇਆਂ ?
ਕਹਿੰਦਾ ਇਹਦੇ ਚ ਮੇਰਾ ਕੋਈ ਕਸੂਰ ਨਈਂ.... ਪੂਰੀ ਦੁਨੀਆਂ ਈ ਉਲਾਂਭੇ ਦਿੰਦੀ ਪਈ ਆ ਬਈ ਸਾਡੇ ਸੁਫਨਿਆਂ ਚ ਕੀ ਕਰਦਾ ਫਿਰਦੈਂ...

ਮਖਿਆ ਚੱਲ ਹੋਰ ਸੁਣਾ....ਅਗਲਾ ਰਾਜ-ਪ੍ਰਬੰਧ ਕਿਹੋ ਜਿਹਾ ਰੱਖੋਂਗੇ ??
ਕਹਿੰਦਾ ਹੁਣ ਥੋੜਾ ਕੁ ਬਦਲਾਓ ਲਿਆਂਦਾ ਅਸੀਂ....ਉਮੀਦ ਕਰਦੇ ਆਂ ਬੇਹਤਰ ਹੀ ਰਹੇਗਾ...
ਮਖਿਆ ਯਰ ਅਫਗਾਨਿਸਤਾਨ ਚ ਵਸਦੇ ਸਾਡੇ ਸਿੱਖ ਭਾਈਚਾਰੇ ਦਾ ਵੀ ਖਿਆਲ ਰੱਖਿਓ....
ਉਹ ਪਤੰਦਰ ਅੱਗੋਂ ਉੱਚੀ ਉੱਚੀ ਹੱਸਣ ਲੱਗ ਪਿਆ.... ਮੈਂ ਹੈਰਾਨ...

ਕਹਿੰਦਾ- ਟਿਕਟੋਕ ਤੇ ਤਾਂ ਤੁਹੀਂ ਅੱਗ ਲਾ ਰੱਖੀ ਆ....ਬਈ ਅਸੀਂ ਅਫਗਾਨਾਂ ਤੇ ਰਾਜ ਕੀਤਾ ਆ...ਅਸੀਂ ਕੁੱਟੇ ਹੋਏ ਆ...ਅਸੀਂ ਅੱਜ ਵੀ ਕੁੱਟ ਸਕਦੇ ਆਂ...ਅਸੀਂ ਇੰਝ ਕਰ ਦਿਆਂਗੇ...ਅਸੀਂ ਉਂਝ ਕਰ ਦਿਆਂਗੇ.... ਆਹ ਖੜਾਂ...ਲੈ ਕੁੱਟ ਕੇ ਦਿਖਾ...

ਮਖਿਆ ਯਰ ਭਾਊ ਤੇਰੇ ਨਾਲ ਕਾਹਦਾ ਵੈਰ ਆ ਜੋ ਆਪਾਂ ਹੱਥੋਂ ਪਾਈ ਹੋਈਏ ?...ਨਾਲੇ ਮੇਰੇ ਕੋਲੇ ਤੇਰੇ ਵਾਂਗੂੰ ਅਹਾ ਕਲਾਸਨਿਕੋਵ ਦੀ ਬੱਚੀ (47)ਵੀ ਹੈਨੀ..

ਕਹਿੰਦਾ ਫੇਰ ਆਵਦੇ ਛਲਾਰੂ ਭਰਾਵਾਂ ਨੂੰ ਸਮਝਾ....ਜਿੱਦਣ ਅਸੀਂ ਕਾਬੁਲ ਫਤਿਹ ਕੀਤਾ ਸੀ...ਉਸ ਤੋਂ ਫੌਰਨ ਬਾਅਦ ਸਾਡੇ ਲੀਡਰ ਤੁਹਾਡੇ ਭਾਈਚਾਰੇ ਦੇ ਲੋਕਾਂ ਨੂੰ ਮਿਲੇ ਸੀ...ਅਤੇ ਉਹਨਾਂ ਦੀ ਸੁਰੱਖਿਆ ਦੀ ਪੂਰੀ ਜਿੰਮੇਦਾਰੀ ਵੀ ਲਈ ਸੀ....ਹੁਣ ਤੁਹਾਡੇ ਛਲਾਰੂ ਭਰਾ ਦੱਸਣ ਬਈ ਟਿਕਟੋਕ ਤੇ ਸਾਨੂੰ ਲਲਕਾਰ ਕੇ ਕਿੰਨਾ ਕੁ ਮੁੱਲ ਪਾ ਰਹੇ ਓ ਸਾਡਾ ??? ਮੰਨਿਆ ਸਾਡੇ ਤੇ ਤੁਸੀਂ ਰਾਜ ਕਰ ਕੇ ਗਏ ਓ...ਪਰ ਅੱਜ ???

ਮਖਿਆ ਯਰ ਹੱਸੀ ਕਿਉਂ ਜਾਨਾਂ... ਖੁੱਲ ਕੇ ਦੱਸ...
ਕਹਿੰਦਾ ਕਿੱਥੋਂ ਦੇ ਬਾਸ਼ਿੰਦੇ ਓ ?
ਮਖਿਆ ਪੰਜਾਬ ਦੇ
ਕਹਿੰਦਾ ਪੰਜਾਬ ਕਿੱਥੇ ਆ
ਮਖਿਆ ਇੰਡੀਆ ਚ
ਕਹਿੰਦਾ ਇੰਡਿਯਨ ਗਵਰਮੈਂਟ ਨੇ ਜੋ 3 ਖੇਤੀ ਕਾਨੂੰਨ ਬਣਾਏ ਉਹਨਾਂ ਦਾ ਕੀ ਬਣਿਆ ?
ਮਖਿਆ ਯਰ ਪੁੱਛ ਨਾ....ਸੈਂਕੜੇ ਬੰਦੇ ਸ਼ਹੀਦ ਹੋ ਗਏ...ਹਲੇ ਤਾਂ ਕੱਖ ਵੀ ਨਹੀਂ ਬਣਿਆ...

ਕਹਿੰਦਾ ਘਰੇ ਤਾਂ ਥੋਡੀ ਕੁੱਤੇ ਜਿੰਨੀ ਕਦਰ ਨਹੀਂ ਤੇ ਪੰਗੇ ਉਹਨਾਂ ਨਾਲ ਜਿੰਨਾ ਨੇ ਰੂਸ ਦੇ 16 ਟੋਟੇ ਕੀਤੇ ਸੀ....
ਮਖਿਆ ਯਰ ਝੇਡਾਂ ਨਾ ਕਰ...ਸਾਡੀ ਪੂਰੀ ਕਦਰ ਆ ਏਥੇ...ਸਾਡੇ ਪੰਜਾਬੀ ਗਾਣੇ ਵੀ ਬਾਲੀਵੁੱਡ ਤੱਕ ਪਹੁੰਚ ਗਏ..

ਕਹਿੰਦਾ ਗਾਣੇ ਤਾਂ ਤੁਹਾਡੇ ਪੂਰੀ ਦੁਨੀਆਂ ਚ ਵੱਜ ਰਹੇ ਆ ਮੇਰੀ ਜਾਨ...ਪਰ ਤੁਹਾਡੀਆਂ ਤੇਗਾਂ ਦੀ ਟੁਣਕਾਰ ਇਹਨ੍ਹਾਂ ਗਾਣਿਆਂ ਹੇਠ ਦੱਬ ਗਈ...

ਮਖਿਆ ਯਰ ਝੂਠ ਨਾ ਬੋਲ...88 ਪਰਸੈਂਟ ਕੁਰਬਾਨੀਆਂ ਸੀ 47 ਵੇਲੇ ਅਜਾਦੀ ਚ...ਅੱਜ ਵੀ ਬਾਡਰਾਂ ਤੇ ਸਾਡੇ ਸਿੱਖ ਫੌਜੀ ਹੀ ਦਲੇਰੀ ਨਾਲ ਮੂਹਰੇ ਹੋ ਕੇ ਦੁਸ਼ਮਣ ਨੂੰ ਰੋਕਦੇ ਨੇਂ...
ਕਹਿੰਦਾ ਫੇਰ ਮੈਂ ਕੀ ਕਰਾਂ
ਮਖਿਆ ਫੇਰ ਮੰਨ ਜਾ... ਬਈ ਇਹ ਸਾਰਾ ਮੁਲਕ ਹੀ ਸਿੱਖਾਂ ਦੇ ਸਿਰੋਂ ਜਿਓਂਦਾ ਆ...
ਕਹਿੰਦਾ ਦਿਲ ਬਹਿਲਾਣੇ ਕੇ ਲੀਏ ਗਾਲਿਬ ਖ਼ਯਾਲ ਅੱਛਾ ਹੈ..
ਮਖਿਆ ਯਰ ਤੂੰ ਝੇਡਾਂ ਕਰਨੋ ਕਿਉਂ ਨੀ ਹਟਦਾ...?
ਕਹਿੰਦਾ ਜੇ ਏਨੀ ਹੀ ਥੋਡੀ ਬੁੱਕਤ ਹੁੰਦੀ ਤਾਂ ਹੁਣ ਤੱਕ ਕਾਨੂੰਨ ਰੱਦ ਹੋ ਜਾਂਦੇ....ਆਵਦੇ ਮੁਲਕ ਚ ਬੱਕਰੀ...ਤੇ ਅਫਗਾਨਾਂ ਵਾਰੀ ਸ਼ੇਰ.... ਵੈਹੈ ਇਹ ਦੱਸ ਬਈ ਸਾਡਾ ਸਿੱਖਾਂ ਨਾਲ ਕੋਈ ਰੌਲਾ ਨਹੀਂ ਜਦ...ਫੇਰ ਕਿਉਂ ਗੰਦ ਪਾਇਆ... ਥੋਡੇ ਕੋਲੇ ਕੋਈ ਅਕਲਮੰਦ ਲੀਡਰ ਹੈਨੀ ਕੇ ?? ਜਿਹੜਾ ਥੋਨੂੰ ਵੇਲਾ ਵਿਚਾਰਨਾ ਸਿਖਾਵੇ ???

ਮਖਿਆ ਯਰ ਲੀਡਰ ਤਾਂ ਵਾਰ ਵਾਰ ਆਉਂਦਾ.... ਪਰ ਸਾਡੇ ਏਧਰ ਗੱਦਾਰ ਦਾ ਮੈਡਲ ਦੇ ਦਿੰਦੇ ਨੇਂ....
ਕਹਿੰਦਾ ਫੇਰ ਅੱਗੇ ਤੋਂ ਧਮਕੀਆਂ ਨਾ ਦਿਓ ਜੇ....ਹਾਂ ਜਿੱਦਣ ਥੋਡਾ ਸੰਗਰੂਰ ਆਲਾ ਸਪੇਰਾ ਜੱਟ ਚੰਡੀਗੜ੍ਹ ਆਲੀ ਨਾਗਣ ਵੱਲੋਂ ਵਿਹਲਾ ਹੋਇਆ....ਜਿੱਦਣ ਥੋਨੂੰ ਗੇੜੀ ਰੂਟ ਨਾਲੋਂ ਚੰਗੀ ਆਵਦੇ ਧਰਮ ਅਸਥਾਨ ਦੀ ਹਾਜਰੀ ਭਰਨੀ ਜਰੂਰੀ ਲੱਗੀ...ਜਿੱਦਣ ਤੁਸੀ ਬੁਲਟ ਲੈਣ ਦੀ ਜਿਦ ਕਰ ਕੇ ਬਾਪੂ ਨੂੰ ਸਲਫਾਸ ਖਾਣ ਦੀ ਧਮਕੀ ਦੇਣ ਬਜਾਏ ਓਹਦਾ ਕਰਜਾ ਲਾਹੁਣ ਵੱਲ ਹੋ ਤੁਰੇ....ਜਿੱਦਣ ਕੁੜੀਆਂ ਪਿੱਛੇ ਗੈਂਗਵਾਰ ਕਰਨੀ ਛੱਡ ਕੇ ਆਵਦੇ ਖੰਡੇ ਵਾਲੇ ਬਾਬੇ ਵਾਂਗ ਧਰਮ ਪਿੱਛੇ ਜਾਨ ਹਥੇਲੀ ਤੇ ਧਰਨ ਜੋਗੇ ਹੋਏ....ਜਿੱਦਣ ਤੁਸੀ ਨਾਲਦੇ ਪਿੰਡ ਦੀ ਕੁੜੀ ਨੂੰ ਕੱਢ ਕੇ ਲਿਜਾਣ ਨੂੰ ਆਪਣਾ ਹੱਕ ਸਮਝਣ ਦੀ ਬਜਾਏ ਆਵਦੇ ਦਰਿਆਵਾਂ ਦੇ ਪਾਣੀ ਦਾ ਹੱਕ ਮੰਗਣ ਜੋਗੇ ਹੋਏ.... ਓਦਣ ਤੁਹੀਂ ਸਾਡੇ ਬਰਾਬਰ ਦੇ ਹੋ ਜਾਓਗੇ....

ਮਖਿਆ ਚੱਲ ਕੋਈ ਨਾ ਭਰਾਵਾ....ਆਵਦੀਆਂ ਈ ਕਹੀ ਜਾਨਾਂ...ਸੋਚਣ ਤਾਂ ਦੇਦੇ...

ਕਹਿੰਦਾ- ਯਰ ਸੱਚ ਇੱਕ ਗਾਣਾ ਸੁਣਿਆ ਸੀ ਤੁਹਾਡਾ....ਤੁਹਾਡੀ ਪੰਜਾਬਣ ਕੁੜੀ ਕਹਿੰਦੀ ਸੀ "ਗੱਭਰੂ ਬਲਿੰਕ ਕਰੇ ਅੱਖਾਂ ਕੁੜੀਓ...ਯਾਰੀ ਨੂੰ ਲੁਕੋ ਕੇ ਮੈਂ ਤਾਂ ਰੱਖਾਂ ਕੁੜੀਓ.... ਸੱਚੀਂ ਤੁਹਾਡੇ ਇੰਝ ਹੀ ਹੁੰਦੈ ???

ਮਖਿਆ ਯਰ ਉਹ ਤਾਂ ਉਈਂ ਗਾਣਿਆਂ ਗੂਣੇਆਂ ਚ ਹੁੰਦੈ....ਇਹਨਾਂ ਦਾ ਕੀ ਆ...ਇਹ ਸਾਡਾ ਇਤਿਹਾਸ ਥੋੜੀ ਆ...
ਕਹਿੰਦਾ- ਹੁਣੇ ਤਾਂ ਗਾਣਿਆਂ ਦੀ ਫੁਕਰੀ ਮਾਰ ਰਿਹਾ ਸੀ....
ਮਖਿਆ ਯਰ ਸਾਡੀ ਨੌਜਵਾਨ ਪੀੜੀ ਪਸੰਦ ਈ ਇਹੋ ਜਿਹੇ ਕਰਦੀ ਆ...ਤਾਹੀਂ ਸਿੰਗਰ ਇਹੋ ਜਿਹਾ ਕੁਝ ਗਾਉਂਦੇ ਨੇਂ...
ਕਹਿੰਦਾ- ਮਤਲਬ ਕੇ ਪੰਜਾਬ ਚ ਅੱਜਕਲ ਪੂਰਾ ਕੰਜਰਖਾਨਾ ਚੱਲ ਰਿਹਾ....ਖੈਰ!
ਮਖਿਆ ਹੋਰ ਕੁਝ...
ਕਹਿੰਦਾ- ਉਹ ਨਲੂਆ ਹੀ ਸੀ, ਤੁਸੀਂ ਨਹੀਂ....ਨਾਲੇ ਛੇਤੀ ਛੇਤੀ ਨਹਾ ਕੇ ਦਿੱਲੀ ਨੂੰ ਤੁਰ ਪੈ... ਕਾਨੂੰਨ ਵੀ ਰੱਦ ਕਰਵਾਉਣੇ ਆ ਤੁਹੀਂ ਹਲੇ....

**ਗੈਰੀ ਢਿੱਲੋਂ**







# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਜੱਟ ਸਿੱਖ ਰਹਿਲ ਅੰਮ੍ਰਿਤਧਾਰੀ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ, 32 ਸਾਲ,ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੇ ਦਾ ਇੰਡੀਆ ਤੋਂ ਓ ਟੀ ਏ ਡਿਪਲੋਮਾ ਕੀਤਾ ਹੋਇਆ ਹੈ । ਸੰਪਰਕ: 587 716 2321***183***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਹਲੈਤ ਪਰਿਵਾਰ ਦੇ ਤਲਾਕਸ਼ੁਦਾ ਲੜਕੇ , ਉਮਰ 39, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਕਨੇਡਾ ਤੋਂ ਹੀ ਹੋਵੇ। ਸੰਪਰਕ: 403 805 6615, 403 923 3440 ਜਾਂ ਫਿਰ ਈ ਮੇਲ ਵੀ ਕਰ ਸਕਦੇ ਹੋ: hallaitsaab@gmail.com ***183***

## ਲੜਕੇ/ਲੜਕੀ ਦੀ ਲੋੜ

ਜੱਟ ਸਿੱਖ ਘੁੰਮਣ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ, ਜਨਮ 1991,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਐਮ ਟੈੱਕ ,ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਆਈ ਟੀ ਕੰਪਨੀ ਵਿੱਚ ਚੰਗੀ ਜੌਬ ਕਰ ਰਹੀ ਹੈ। ਇਸੇ ਹੀ ਪਰਿਵਾਰ ਦਾ ਲੜਕਾ ਜੋ ਕਿ ਕਨੇਡਾ ਵਿੱਚ ਵਰਕ ਪਰਮਿਟ ਉੱਪਰ ਹੈ ,ਜਨਮ 1989,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਏ ਲਈ ਵੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਅਤੇ ਲੜਕੀ ਦੀ ਭੈਣ ਕਨੇਡਾ ਸੈਟਲ ਹੈ। ਸੰਪਰਕ: 403 993–3186 ***183***

## ਲੜਕੀ ਦੀ ਲੋੜ

Canadian Citizen Jatt Sikh family seeks suitable match for their 29-year-old, 6 ft. tall son. He's Professional Engineer working within reputed international corporation and brought up in Canada. Seeking a Professionally Educated Girl. Contact: +1 403 828 7973 or acheema8811@gmail.com ***183***

## ਲੜਕੀ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is an Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com***183***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੀ ਹੋਵੇ। ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091***183***

## ਲੜਕੇ ਦੀ ਲੋੜ

Canadian PR MSc Nursing Ramgarya girl (D.O.B-16/10/1988) ht-5'3, looking for MSc/MTech clean shaven or trim beard Sikh and Vaishnu Ramgarya only boy (Height- 5'6-5'9)Work permit holders can also be considered. +1(639) 318-4864 or +91 9417589810***182***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੀ ਪੜੀ ਲਿਖੀ ਚੰਗੀ ਜੌਬ ਕਰਦੀ , ਵੈਸਨੂੰ ਲੜਕੀ ,ਉਮਰ 34 ਸਾਲ, ਕੱਦ 5 ਫੁੱਟ 3 ਇੰਚ, ਲਈ ਕਨੇਡਾ ਤੋਂ ਹੀ ਲੜਕੇ ਦੀ ਲੋੜ ਹੈ ।ਸੰਪਰਕ: 587 664 3022 **181**

## ਲੜਕੇ ਦੀ ਲੋੜ

ਖੇਲਾ ਪਰਿਵਾਰ ਦੀ ਸੋਹਣੀ ਸੁਨੱਖੀ ਪੰਜਾਬ ਰਹਿੰਦੀ ਲੜਕੀ ਉਮਰ 20 ਸਾਲ , ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਗਰੇਡ ਟਵੈਲਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਸਟੂਡੈਂਟ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ । ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਲੜਕੀ ਨੂੰ ਕਨੇਡਾ ਆਉਣ ਮੌਕੇ ਸੈਟਲ ਹੋਣ ਵਿੱਚ ਮੱਦਦ ਕਰ ਸਕਦਾ ਹੈ। ਸੰਪਰਕ: 587 937 0224 ***181***

## ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਪੜੀ ਲਿਖੀ ,ਬੈਂਕ ਦੀ ਜੌਬ ਕਰਦੀ, ਕਨੇਡੀਅਨ ਪੀ ਆਰ ( ਡਿਵੋਰਸ ਸਾਰਟ ਮੈਰਿਜ ) ਲੜਕੀ ਉਮਰ 29 ਸਾਲ ,ਕੱਦ 5 ਫੁੱਟ 8 ਇੰਚ, ਲਈ ਪੜੇ ਲਿਖੇ ਚੰਗੇ ਪਰਿਵਾਰ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਦੀ ਵਿਦਿਅਕ ਯੋਗਤਾ ਐਮ ਬੀ ਏ (ਹਿਊਮਨ ਰਿਸੋਰਸ) ਹੈ। ਸੰਪਰਕ : 1 661 578 2665 (ਯੂ ਐਸ ਏ ) 9915240051 ਜਾਂ ਈ ਮੇਲ ਕਰੋ : UNITEDHIGHWAYS@GMAIL.COM ***181***

## ਲੜਕੀ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜਨ ,ਉਮਰ 38 ਸਾਲ, ਕੱਦ 5 ਫੁੱਟ 6 ਇੰਚ, ਸਾਊ ,ਨਸਾ ਰਹਿਤ, ਤਲਾਕਸੁਦਾ ਲੜਕੇ ਲਈ ਕਨੇਡਾ ਵਿੱਚ ਹੀ ਪੱਕੀ ਰਹਿੰਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਘਰੇਲੂ ਵਿਚਾਰਾਂ ਵਾਲੀ ਘੱਟ ਪੜੀ ਲਿਖੀ ਹੀ ਹੋਵੇ। ਵਿਜਟਿਰ ਜਾਂ ਸਟੂਡੈਂਟ ਸੰਪਰਕ ਨਾ ਕਰਨ। ਲੜਕੇ ਦੇ ਪਹਿਲੇ ਵਿਆਹ ਵਿੱਚੋਂ 5 ਸਾਲ ਦੀ ਇੱਕ ਬੇਟੀ ਵੀ ਹੈ ਜੋ ਆਪਣੀ ਮਾਂ ਨਾਲ ਕਿਸੇ ਹੋਰ ਸਹਿਰ ਵਿੱਚ ਰਹਿੰਦੀ ਹੈ। ਸੰਪਰਕ: 204 632 4138 ***181***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਚਹਿਲ ਪਰਿਵਾਰ ਦੀ ਲੜਕੀ, ਉਮਰ 31 ਸਾਲ, ਕੱਦ 5 ਫੁੱਟ 5 ਇੰਚ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਲੜਕੀ ਦੀ ਵਿਦਿਅਕ ਯੋਗਤਾ ਬੈਚੂਲਰ ਆਫ ਕਾਮਰਸ ਡਿਗਰੀ (ਇੰਡੀਆ) ਅਕਾਂਊਟਿੰਗ ਐਂਡ ਫਾਇਨੈਂਸਿੰਗ ਡਿਗਰੀ (ਕਨੇਡਾ) ਤੋਂ ਕੀਤੀ ਹੈ ਅਤੇ ਹੁਣ ਸਰਵਿਸ ਕਨੇਡਾ ਇੰਪਲਾਈਮੈਂਟ ਇੰਸੋਰੈਂਸ ਨਾਲ ਜੌਬ ਕਰ ਰਹੀ ਹੈ। ਸੰਪਰਕ ਲਈ ਈ ਮੇਲ : Navdeepkaur28@gmail.com ***181***

## ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ ,ਉਮਰ 1981,ਕੱਦ 5 ਫੁੱਟ 4 ਇੰਚ, ਮਾਲਵਾ ਏਰੀਆ ਨਾਲ ਸਬੰਧਿਤ ,ਕੈਲਗਰੀ ਵਿੱਚ ਰਹਿ ਰਹੀ ਲੜਕੀ ਵਾਸਤੇ ਲੜਕੇ ਦੀ ਲੋੜ ਹੈ। ਸੰਪਰਕ : 403 671 3435 ਜਾਂ 587 891 3435 ***181***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਧਾਲੀਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ licensed practical Nurse ਲਈ ਹਾਣ ਪਰਵਾਣ ਦੇ ਸੋਹਣੇ ਸੁਨੱਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 403 850 6263 ***179***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਪਰਿਵਾਰ ਦੇ ਤਲਾਕ ਸੁਦਾ ਵੈਸਨੂੰ ਲੜਕੇ ਉਮਰ 35 ਸਾਲ ,ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਤਲਾਕਸ਼ੁਦਾ, ਵਿਜਟਿਰ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਵਿਨੀਪੈਗ ਨੂੰ ਪਹਿਲ । ਸੰਪਰਕ: 431 556 4986 ***178***

## ਲੜਕੀ ਦੀ ਲੋੜ

Looking for suitable match for single never married 36-year-old Arora Sikh boy born in Canada. Height 5'-8". Fair complexion. Educated, bachelor's degree in criminology from Canada. Currently working for the Federal Government. Contact: telephone 403-208-2354 or e-mail saamlak@yahoo.com ***178***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041 ***177***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***182***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ–403 640 2000**
**ਐਡਮਿੰਟਨ–780 599 2000 ਸੈਸਕਾਟੂਨ 639 999 1000**
**ਰੀਜਾਇਨਾ– 639 999 1000, ਵਿਨੀਪੈੱਗ– 431 733 3000**

**Masihi Life Church**
3663 19th STREET CALGARY AB T2E 6S8
FOR PRAYER CALL 403-429-0369

ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ।
ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।

*Are you searching for a church to attend*
*Come and join us*
*(Service in Hindi/Punjabi)*
*We welcome you all*




ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ

CHURCH SERVICE EVERY SUNDAY 12PM TO 3PM
facebook

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ:**
**403 680 0436**

## Name Change

I, **Mandeep Kaur** wife of **Gurdial Singh**, holder of Indian passport number **J9010812** issued at **Shimla** on **27-05-2013** permanent resident of **UNA MOHALLA GALUA, WARD NO-3, Tehand Distt: UNA Pin: 174303 Himachal Pradesh, India** and presently residing at **10-937 Northumberland Ave, Saskatoon, SK, S7L3W8 Canada**, do I hereby change my name from **MANDEEP KAUR** to **MANDIEEP KAURR,** with immediate effect.
Date 12 August,2021, Phone: 3065141998

## Name Change

I, **GURDIAL SINGH** son of **JAGTAR SINGH,** holder of Indian passport number **L4597525** issued place Vancouver on 05-08-2014 permanent resident of **UNA MOHALLA GALUA, WARD NO-3, Teh and Distt: UNA Pin: 174303 Himachal Pradesh,** India and presently residing at **10-937 Northumberland Ave, Saskatoon, SK,, S7L3W8 Canada,** do I hereby change my name from **GURDIAL SINGH** to **GURDDIAL SIINGH,** with immediate effect.
Date 12 August,2021, Phone: 3065135424

## Hiring !

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract
**Email : dclogistics4@gmail.com**
**Phone : 204-396-1696 , 204-891-0031**

## Hiring

**Hair and face art salon is looking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour full time job**
**Interested candidates please send your resume at email: hairandfaceart994@gmail.com**

# BBB Consumer Alert: Shipping containers

## Scammers targeting consumers attempting to purchase shipping containers

Calgary (PAB) BBB, together with Accredited Business, Secure-Right Mobile Storage, is warning consumers that scammers are making false offers of shipping containers for sale through websites and online ads while posing as legitimate businesses.

"This is an ongoing concern with these scammers actively targeting local consumers," says Mary O'Sullivan-Andersen, President and CEO of BBB Serving Southern Alberta and East Kootenay. "Consumers believe they are interacting with legitimate businesses. They may in fact be dealing with a scammer who is posing as a legitimate shipping container operator who places ads online to lure them in."

She adds, "Be very wary when making any large purchase offered in an online advertisement. Do your research, find out who the reliable business operators are in the area, carefully check the websites, and best of all, if possible, visit the business location in person. If it's a scam they will pressure you for a deposit to secure the purchase of the container. Once they have the deposit they disappear with your hard-earned money."

Avoid being scammed by:

" Go directly to official shipping container websites
" Search the posted contact information online: the address of the business should match the address posted on the website
" Ask to see the container in person and meet the business operator on location
" Consider having the container inspected by a professional in this area
" Do not make a snap decision
" Be very wary of purchasing containers advertised in online ads
" If the price seems too good to be true it probably is

If you believe you have been the victim of a scam, report this information to the Better Business Bureau, and by contacting your local police service using the non-emergency phone number.

**Tractor Trucks for Lease**

Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:

FRESH FREIGHT



**KulbirShergill Fresh Freight Ltd**
**Phone or Text- 403-510-0070**
**Email: info@freshfreight.ca**

# ਕਿੰਡਰਗਾਰਟਨ ਤੋਂ ਗ੍ਰੇਡ 6 ਤੱਕ ਦੇ ਬੱਚਿਆਂ ਵਾਸਤੇ ਨਵੇਂ ਲਿਆਂਦੇ ਜਾ ਰਹੇ ਸਲੇਬਸ ਨੂੰ ਲਾਗੂ ਕਰਨ ਵਿੱਚ ਕਾਹਲੀ ਨਾ ਕੀਤੀ ਜਾਵੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗ੍ਰੈਂਡ ਪ੍ਰੇਅਰੀ ਤੋਂ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਵਿਧਾਇਕ ਟ੍ਰੇਅਸੀ ਐਲਾਰਡ ਨੇ ਐਜੁਕੇਸ਼ਨ ਮਨਿਸਟਰ ਐਡ੍ਰੀਐਨਾ ਲਾਗ੍ਰਾਂਜ ਨੂੰ ਲਿਖੀ ਇੱਕ ਚਿੱਠੀ ਵਿੱਚ ਕਿਹਾ ਹੈ ਕਿ ਸੂਬੇ ਭਰ ਵਿੱਚ ਕਿੰਡਰਗਾਰਟਨ ਤੋਂ ਗ੍ਰੇਡ 6 ਤੱਕ ਦੇ ਬੱਚਿਆਂ ਵਾਸਤੇ ਨਵੇਂ ਲਿਆਂਦੇ ਜਾ ਰਹੇ ਸਲੇਬਸ ਨੂੰ ਲਾਗੂ ਕਰਨ ਵਿੱਚ ਕਾਹਲੀ ਨਾ ਕੀਤੀ ਜਾਵੇ। ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਆਪਣੇ ਇਸ ਪੱਤਰ ਵਿੱਚ ਸਾਬਕਾ ਮਨਿਸਟਰ ਟ੍ਰੇਅਸੀ ਐਲਾਰਡ ਨੇ ਕਿਹਾ ਹੈ ਕਿ ਉਹਨਾਂ ਦੀ ਰਾਇਡਿੰਗ ਦੇ ਕਈ ਵਿਅਕਤੀਆਂ ਨੇ ਸੋਸ਼ਲ ਸਟਡੀਜ਼ ਕਰੀਕਿਉਲਮ, ਇਸ ਦੇ ਕੰਸਲਟੇਸ਼ਨ ਪ੍ਰੋਸੈਸ, ਨਕਲ ਮਾਰ ਕੇ ਲਈ ਗਈ ਸਮਗਰੀ ਅਤੇ ਬਹੁਤੇ ਸਕੂਲ ਡਿਵਿਯਨਾਂ ਵੱਲੋਂ ਇਸ ਨੂੰ ਲਾਗੂ ਨਾ ਕਰਨ ਦੇ ਮਾਮਲੇ ਨੂੰ ਚੁੱਕਿਆ ਹੈ। ਉਹਨਾਂ ਐਜੁਕੇਸ਼ਨ ਮਨਿਸਟਰ ਨੂੰ ਕਿਹਾ ਹੈ ਕਿ ਉਹ ਦੁਬਾਰਾ ਸਾਰੇ ਸਟੇਕ-ਹੋਲਡਰਾਂ ਨਾਲ ਸੰਪਰਕ ਕਰਨ ਤੇ ਇਸ ਨੂੰ ਨਵੇਂ ਸਿਰਿਉਂ ਤਿਆਰ ਕਰਕੇ ਲੋਕਾਂ ਦੇ ਇਤਰਾਜ਼ ਦੂਰ ਕੀਤੇ ਜਾਣ।

**A-CHOICE DRIVING SCHOOL**
Bay# 324, 4774 Westwinds Dr NE
Calgary Alberta T3J 0L9
Tel: 403-473-1682



# ਕੀ ਪੰਜਾਬੀ ਬੋਲੀ ਅਲੋਪ ਹੋ ਜਾਵੇਗੀ



ਜਗਦੇਵ ਸਿੱਧੂ ਕੈਲਗਰੀ
403 351 1136

ਭਾਸ਼ਾ ਮਾਹਿਰਾਂ ਅੰਦਰ ਚਿੰਤਾ ਦਾ ਵਿਸ਼ਾ ਹੈ ਕਿ ਜਿਸ ਤਰ੍ਹਾਂ ਦੇ ਵਿਪ੍ਰੀਤ ਹਾਲਾਤ ਪੈਦਾ ਹੁੰਦੇ ਜਾ ਰਹੇ ਹਨ, ਜਿਸ ਤਰ੍ਹਾਂ ਵਿਸ਼ਵ ਦੀਆਂ ਕੁਛ ਹੋਰ ਭਾਸ਼ਾਵਾਂ ਲੁਪਤ ਹੋਈਆਂ ਜਾਂ ਲੁਪਤ ਹੋ ਰਹੀਆਂ ਹਨ, ਕੀ ਸਾਡੀ ਆਪਣੀ ਜ਼ੁਬਾਨ, ਸ਼ਾਨਾਂਮੱਤੀ ਪੰਜਾਬੀ ਵੀ ਕਿਸੇ ਸਮੇਂ ਲੋਕਾਂ ਦਾ ਜ਼ੁਬਾਨ ਤੋਂ ਲਹਿ ਜਾਵੇਗੀ। ਜਾਂ ਫਿਰ ਇਹ ਪਹਿਲਾਂ ਵਾਂਗ ਸਾਰੇ ਝੱਖੜ- ਝੋਲਿਆਂ ਨੂੰ ਝੱਲ ਕੇ ਹੋਰ ਵੀ ਜਾਨਦਾਰ ਹੋ ਕੇ ਉਭਰੇਗੀ।

ਯੂਰਪੀਨ ਆਬਾਦਕਾਰਾਂ ਜਾਂ ਕਹਿ ਲਵੋ ਧਾੜਵੀਆਂ ਨੇ ਕੈਨੇਡਾ ਵਰਗੀਆਂ ਧਰਤੀਆਂ ਉਪਰ ਮੁੱਢ- ਕਦੀਮਾਂ ਤੋਂ ਵਸਦੇ ਮੂਲ ਨਿਵਾਸੀਆਂ ਦੇ ਸਭਿਆਚਾਰ ਅਤੇ ਉਨ੍ਹਾਂ ਦੀਆਂ ਬੋਲੀਆਂ ਉੱਤੇ ਈਸਾਈ ਧਰਮ ਦੀ ਆੜ ਹੇਠ ਆਪਣੇ ਅਖਾਉਤੀ ਵਿਕਸਿਤ ਸਭਿਆਚਾਰ ਦੇ ਜ਼ੋਰ ਨਾਲ ਉਨ੍ਹਾਂ ਵਿਚਾਰਿਆਂ ਦੀਆਂ ਬੋਲੀਆਂ ਖੋਹਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਦੀ ਮਿਸਾਲ ਸਾਡੇ ਸਾਹਮਣੇ ਹੈ। ਕੁਬੈਕ ਵਿਚ, ਕੈਨਸਟੇਕ ਗਰੈਂਡ ਚੀਫ਼ ਸਾਈਮਨ ਦਾ ਕਹਿਣਾ ਹੈ ਕਿ ਉਸ ਥਾਂ ਤੇ ਮੋਹਾਅਕ ਬੋਲੀ ਬੋਲਣ ਵਾਲੇ ਸੱਠ ਕੁ ਜਣੇ ਹੀ ਰਹਿ ਗਏ ਹਨ, ਉਹ ਵੀ ਵੱਡੀ ਉਮਰ ਦੇ। ਜੇ ਇਸ ਮਹਾਂਮਾਰੀ ਅੰਦਰ ਉਨ੍ਹਾਂ ਨੂੰ ਬਚਾਇਆ ਨਾ ਗਿਆ ਤਾਂ ਬੋਲੀ ਵੀ ਉਨ੍ਹਾਂ ਦੇ ਨਾਲ ਹੀ ਚਲੀ ਜਾਏਗੀ। ਵੈਸੇ ਵੀ ਕੈਨੇਡਾ ਵਿਚ ਯੂਰਪੀਨ ਆਬਾਦਕਾਰਾਂ ਦੇ ਆਗਮਨ ਤੋਂ ਪਹਿਲਾਂ ਕੋਈ 50 ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਕਿੰਨੀਆਂ ਤਾਂ ਅਲੋਪ ਹੋ ਗਈਆਂ ਹਨ, ਜਿਵੇਂ ਬਿਓਥਕ, ਹਿਊਰੋਨ, ਨੂਟਰਲ ਆਦਿ। ਬਾਕੀ ਰਹਿੰਦੀਆਂ ਵਿਚੋਂ ਬਹੁਤੀਆਂ ਛੇਤੀ ਖਤਮ ਹੋਣ ਦਾ ਖ਼ਤਰਾ ਹੈ। ਸਿਰਫ਼ ਕੁੱਝ ਕੁ ਦੇ ਬਚੇ ਰਹਿਣ ਦੀ ਉਮੀਦ ਹੈ, ਜਿਵੇਂ ਕਰੀਅ, ਓਜੀਬਵਾ, ਇਨੁਕਟੀਟੁਟ ਵਗੈਰਾ। ਭਾਸ਼ਾਵਾਂ ਦੀ ਇਹ ਚਿੰਤਾਜਨਕ ਸਥਿਤੀ ਸਿਰਫ਼ ਮੂਲ ਨਿਵਾਸੀਆਂ ਜਾਂ ਟੱਪਰੀਵਾਸ ਕਬੀਲਿਆਂ ਦੀਆਂ ਬੋਲੀਆਂ ਦੇ ਸਬੰਧ ਵਿਚ ਹੀ ਨਹੀਂ, ਸਗੋਂ ਦੁਨੀਆਂ ਭਰ ਵਿਚ ਬੋਲੀਆਂ ਜਾਣ ਵਾਲੀਆਂ ਬਹੁਗਿਣਤੀ ਭਾਸ਼ਾਵਾਂ ਇਸ ਸੰਕਟ ਵਿਚੋਂ ਗੁਜ਼ਰ ਰਹੀਆਂ ਹਨ। ਹਾਲਾਤ ਸੰਕੇਤ ਕਰ ਰਹੇ ਹਨ ਕਿ ਸਾਡੀ ਪਿਆਰੀ ਬੋਲੀ ਪੰਜਾਬੀ ਨੂੰ ਇਸ ਸੰਭਾਵੀ ਖ਼ਤਰੇ ਤੋਂ ਬਚਾਉਣ ਲਈ ਗੰਭਰ ਅਤੇ ਕਾਰਗਰ ਉਪਰਾਲੇ ਕਰਨੇ ਪੈਣਗੇ। ਅਜੇ ਸਮਾਂ ਹੈ ਪਰ ਇਹੋ ਸਮਾਂ ਹੈ।

ਅੱਜ ਦੁਨੀਆਂ ਭਰ ਵਿਚ ਕੋਈ 6912 ਭਾਸ਼ਾਵਾਂ ਬੋਲੀਆਂ ਜਾ ਰਹੀਆਂ ਹਨ। ਕੁਛ ਹਾਲਤਾਂ ਅੰਦਰ, ਜਦੋਂ ਦੋ ਵੱਖ- ਵੱਖ ਭਾਸ਼ਾ ਬੋਲਣ ਵਾਲੀਆਂ ਕੌਮਾਂ ਆਪਸੀ ਸੰਪਰਕ ਵਿਚ ਆਉਂਦੀਆਂ ਹਨ ਤਾਂ ਇਨ੍ਹਾਂ ਬੋਲੀਆਂ ਦਾ ਮਿਲਗੋਭਾ ( ) ਹੋਂਦ ਵਿਚ ਆ ਜਾਂਦਾ ਹੈ। ਅੱਜ ਕੱਲ੍ਹ ਅੰਗ੍ਰੇਜ਼ੀ ਜ਼ੁਬਾਨ ਗਲੋਬਲ ਲਿੰਗੁਆ ਫਰਾਂਕਾ ਬਣ ਚੁੱਕੀ ਹੈ ਤੇ ਇਸੇ ਭਾਸ਼ਾ ਵਿਚ ਹਵਾਈ ਆਵਾਜਾਈ ਦੇ ਕੰਟ੍ਰੋਲ ਤੋਂ ਲੈ ਕੇ ਸਾਰੀਆਂ ਤਕਨਾਲੋਜੀਆਂ ਤੇ ਸੰਗੀਤ ਆਦਿ ਨੂੰ ਲਿਖਿਆ, ਬੋਲਿਆ ਤੇ ਸਮਝਿਆ ਜਾਂਦਾ ਹੈ। ਜ਼ਰੂਰੀ ਨਹੀਂ ਕਿ ਹਰੇਕ ਭਾਸ਼ਾ ਦੀ ਆਪਣੀ ਲਿਪੀ ਹੋਵੇ। ਜੇ ਕੋਈ ਬੋਲੀ ਕਿਸੇ ਲਿਪੀ ਵਿਚ ਨਹੀਂ ਵੀ ਲਿਖੀ ਜਾਂਦੀ, ਤਾਂ ਵੀ ਇਸ ਦਾ ਆਪਣਾ ਜ਼ਬਾਨੀ ਸਾਹਿਤ ਇਸ ਨੂੰ ਬੋਲਣ ਵਾਲੇ ਲੋਕਾਂ ਦੇ ਮਿਥਿਹਾਸ, ਬਾਤਾਂ, ਕਹਾਣੀਆਂ ਤੇ ਲੋਕ ਗੀਤਾਂ ਦੇ ਰੂਪ ਵਿਚ ਵਿਦਮਾਨ ਰਹਿੰਦਾ ਹੈ। ਸਾਰੇ ਮਨੁੱਖੀ ਸਮਾਜਾਂ ਕੋਲ ਅਜਿਹਾ ਜ਼ੁਬਾਨੀ ਸਾਹਿਤ ਹੈ ਅਤੇ ਬਹੁਤਾ ਲਿਖਿਤ ਸਾਹਿਤ ਜ਼ੁਬਾਨੀ ਕਹਾਣੀਆਂ ਸੁਨਾਉਣ ਤੋਂ ਜਨਮਦਾ ਹੈ। ਯੂਨਾਨ ਵਿਚ ਸਦੀਆਂ ਤੋਂ ਮੂੰਹੋਂ- ਮੂੰਹ ਸੁਣੀਂਦੀਆਂ ਅਜਿਹੀਆਂ ਲੋਕ ਕਹਾਣੀਆਂ ਜਾਂ ਗੀਤਾਂ ਨੂੰ ਹੀ ਹੋਮਰ ਨੇ 850 ਈਸਾ ਪੂਰਵ ਦੇ ਨੇੜੇ ਤੇੜੇ ਇਲਿਆਡ ਤੇ ਓਡੀਸੀ ਨੂੰ ਲਿਖਤੀ ਰੂਪ ਦਿੱਤਾ ਸੀ ਜੋ ਮੁਢਲੇ ਮਹਾਂ ਕਾਵਿ ਮੰਨੇ ਜਾਂਦੇ ਹਨ। ਬੇਸ਼ੱਕ ਬੋਲੀਆਂ ਨੂੰ ਚੌਧਰ ਦੁਆਉਣ ਦਾ ਕੰਮ ਧਰਮ ਅਤੇ ਸ਼ਾਸ਼ਨ ਨੇ ਕੀਤਾ ਹੈ। 1492 ਵਿਚ ਸਪੇਨੀ ਤਾਲਿਬ ਐਨਤੋਨੀਓ ਨੇਬਰੀਜਾ ਨੇ ਮਹਾਰਾਣੀ ਇਜ਼ਾਬੇਲਾ ਨੂੰ ਕਿਹਾ ਸੀ ਕਿ ਬੋਲੀ ਹਮੇਸ਼ਾ ਸਾਮਰਾਜ ਦੀ ਸਾਥਣ ਰਹੀ ਹੈ। ਅਰਬੀ, ਸਪੇਨੀ, ਪੁਰਤਗਾਲੀ, ਰੂਸੀ ਆਦਿ ਭਾਸ਼ਾਵਾਂ ਮੂੰਹਜ਼ੋਰ ਰਾਜਸੀ ਤਾਕਤ ਦੇ ਸਹਾਰੇ ਫੈਲੀਆਂ, ਇਸੇ ਤਰ੍ਹਾਂ ਅੰਗ੍ਰੇਜ਼ੀ ਤੇ ਫਰੈਂਚ ਵੀ ਸਾਮਰਾਜ ਦੇ ਜ਼ਰੀਏ ਪੈਸੇਫਿਕ ਦੇਸ਼ਾਂ ਅੰਦਰ ਪੈਰ ਜਮਾ ਕੇ ਪਨਪੀਆਂ।

ਕਿਸੇ ਭਾਸ਼ਾ ਨੂੰ ਸੰਸਾਰੀ ਭਾਸ਼ਾ ਦਾ ਦਰਜਾ ਹਾਸਲ ਕਰਨ ਲਈ ਇਸ ਦੀ ਸਥਿਰਤਾ ਜਾਂ ਟਿਕਾਊਪਣ ਜ਼ਰੂਰੀ ਪੱਖ ਹਨ, ਖਾਸ ਕਰ ਕੇ ਉਦੋਂ ਜਦੋਂ ਇਸ ਨੂੰ ਬੋਲਣ ਵਾਲੀ ਆਬਾਦੀ ਕਿਸੇ ਪੱਕੇ ਜਨਮ ਸਥਾਨ ਜਾਂ ਖਿੱਤੇ ਦੇ ਅੰਦਰੋਂ ਮਜ਼ਬੂਤ ਹੋ ਕੇ ਉਭਰਦੀ ਹੈ। ਬੰਗਲਾ, ਚੀਨੀ, ਜਰਮਨ, ਹਿੰਦੀ ਆਦਿ ਅਜਿਹੀਆਂ ਭਾਸ਼ਾਵਾਂ ਹਨ। ਹਿੰਦੀ, ਪਾਰਸੀ ਵਿਚੋਂ ਨਿਕਲੀ ਆਰੀਅਨ ਉਪਭਾਸ਼ਾਵਾਂ ਦੀ ਦੇਣ ਹੈ। ਪੰਜਾਬੀ ਨੂੰ ਸਾਹਿਤਕ ਭਾਸ਼ਾ ਹੋਣ ਦਾ ਦਰਜਾ ਗਿਆਰ੍ਹਵੀਂ ਸਦੀ ਤੋਂ ਮੰਨਿਆਂ ਜਾਂਦਾ ਹੈ। ਬ੍ਰਹਮੀ ਵਿਚੋਂ ਦੇਵਨਾਗਰੀ, ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਨਿਕਲੀਆਂ ਮੰਨੀਆਂ ਜਾਂਦੀਆਂ ਹਨ।

ਖ਼ਤਰੇ ਅਧੀਨ ਭਾਸ਼ਾਵਾਂ-- ਕੋਈ ਜ਼ੁਬਾਨ ਉਦੋਂ ਖ਼ਤਮ ਹੁੰਦੀ ਹੈ ਜਦੋਂ ਉਸ ਨੂੰ ਬੋਲਣ ਵਾਲੇ ਮੁੱਕ ਜਾਣ। ਅਜਿਹਾ ਉਸ ਸੂਰਤ ਵਿਚ ਵਾਪਰਦਾ ਹੈ ਜਦੋਂ ਕੋਈ ਭਾਸ਼ਾ ਕਿਸੇ ਤਕੜੀ ਬਿਗਾਨੀ ਭਾਸ਼ਾ ਦੇ ਮਾਰੂ ਸੰਪਰਕ ਵਿਚ ਆ ਜਾਵੇ, ਜਿੱਥੇ ਇਕ ਤਕੜੀ ਭਾਸ਼ਾ ਦੂਜੀ ਭਾਸ਼ਾ ਉੱਤੇ ਭਾਰੂ ਹੋ ਕੇ ਉਸ ਦੀ ਥਾਂ ਲੈ ਬੈਠੇ। ਇਸ 'ਭਾਸ਼ਾ-ਖਿਸਕ' ਦੀ ਹਾਲਤ ਵਿਚ ਇਸ ਨੂੰ ਬੋਲਣ ਵਾਲੇ ਆਪਣੀ ਮਾਂ-ਬੋਲੀ ਨੂੰ ਤਿਆਗ ਕੇ ਬਿਗਾਨੀ ਬੋਲੀ ਬੋਲਣ ਨੂੰ ਤਰਜੀਹ ਦੇ ਜਾਂਦੇ ਹਨ। ਇਸ ਦੀ ਸੌਖੀ ਮਿਸਾਲ ਸ਼ਹਿਰੀ ਪੰਜਾਬੀਆਂ ਵੱਲੋਂ ਆਮ ਗੱਲ-ਬਾਤ ਸਮੇਂ ਵੀ ਹਿੰਦੀ ਨੂੰ ਮੂੰਹ ਮਾਰਨਾ ਹੈ। ਯੂਨੈਸਕੋ ਨੇ ਭਾਸ਼ਾ ਵਿਗਿਆਨੀਆਂ ਦੀ ਖੋਜ ਤੇ ਅਧਾਰ ਤੇ ਕਿਸੇ ਬੋਲੀ ਦੇ ਖ਼ਤਰੇ ਅਧੀਨ ਆਉਣ ਦੇ ਇਹ ਲੱਛਣ ਅਤੇ ਮਾਨ ਦੰਡ ਨਿਰਧਾਰਤ ਕੀਤੇ ਹਨ---

1. ਕੀ ਬੋਲੀ ਅਗਲੀ ਪੀੜ੍ਹੀ ਤਕ ਪਹੁੰਚ ਰਹੀ ਹੈ?
2. ਬੋਲਣ ਵਾਲਿਆਂ ਦੀ ਕੁੱਲ ਸਹੀ ਗਿਣਤੀ ਕਿੰਨੀ ਹੈ ?
3. ਦੇਸੀ ਕੌਮ ਦੀ ਆਬਾਦੀ ਦਾ ਕੰਨਵਾਂ ਹਿੱਸਾ ਅਜੇ ਵੀ ਆਪਣੀ ਬੋਲੀ ਬੋਲਦਾ ਹੈ ?
4. ਕੀ ਬੋਲੀ ਦੀ ਵਰਤੋਂ ਛਪਾਈ, ਡਿਜੀਟਲ ਸਾਧਨਾ, ਦਫ਼ਤਰਾਂ, ਕੰਮ ਦੀਆਂ ਥਾਵਾਂ ਅਤੇ ਘਰਾਂ ਅੰਦਰ ਘਟਦੀ ਜਾ ਰਹੀ ਹੈ ?
5. ਨਵੇਂ ਕਾਰਜ ਖੇਤਰਾਂ- ਆਮ ਮੀਡੀਆ, ਇੰਟਰਨੈੱਟ-ਵਿਚ ਬੋਲੀ ਕਿਵੇਂ ਥਾਂ ਬਣਾ ਕੇ ਰਚ-ਮਿਚ ਰਹੀ ਹੈ?
6. ਭਾਸ਼ਾ ਦੀ ਪੜ੍ਹਾਈ ਲਿਖਾਈ ਅਤੇ ਵਿੱਦਿਆ ਖਾਤਰ ਕਿਹੜੀਆਂ ਵਸਤਾਂ ਜਾਂ ਨਿਆਮਤਾਂ ਮੌਜੂਦ ਹਨ?
7. ਸਰਕਾਰੀ ਥਾਵਾਂ ਤੇ ਸਰਕਾਰੀ ਰੁਤਬੇ ਅਤੇ ਬੋਲੀ ਦੀ ਆਮ ਵਰਤੋਂ ਪ੍ਰਤੀ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦਾ ਰਵੱਈਆ ਕਿਹੋ ਜਿਹਾ ਅਤੇ ਨੀਤੀਆਂ ਕੀ ਹਨ ?
8. ਭਾਸ਼ਾ ਪ੍ਰਤੀ ਇਸ ਨੂੰ ਬੋਲਣ ਵਾਲੀਆਂ ਕੌਮਾਂ ਦਾ ਰਵੱਈਆ ਕੀ ਹੈ ?
9. ਭਾਸ਼ਾ ਦੇ ਦਸਤਾਵੇਜ਼ਾਂ ਜਾਂ ਪ੍ਰਲੇਖਣ ਦੀ ਕਿੰਨੀ ਗਿਣਤੀ ਅਤੇ ਗੁਣਵੱਤਾ ਉਪਲਬਦ ਹੈ ?




ਕਿਸੇ ਵੀ ਭਾਸ਼ਾ ਦੇ ਜਾਨਦਾਰ ਤੇ ਨਰੋਈ ਰਹਿਣ ਲਈ ਜ਼ਰੂਰੀ ਹੈ ਕਿ ਇਹ ਬੱਚਿਆਂ ਦੁਆਰਾ ਬੋਲੀ ਜਾਂਦੀ ਰਹੇ। ਬੋਲੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁਖ ਕਾਰਨ ਹਨ-- ਸ਼ਹਿਰੀਕਰਨ, ਵਿਸ਼ਵੀਕਰਨ, ਸਮਾਜਿਕ ਅਤੇ ਸਭਿਆਚਾਰਕ ਉਥਲ-ਪੁਥਲ ਜਾਂ ਅਵਿਵਸਥਾ। ਇਹ ਬਹੁਗਿਣਤੀ ਅਤੇ ਘੱਟ ਗਿਣਤੀ ਵਾਲਿਆਂ ਦੀ ਭਾਸ਼ਾ ਅਤੇ ਸਭਿਆਚਾਰ ਦਰਮਿਆਨ ਪ੍ਰਤਿਸ਼ਠਾ ਅਤੇ ਤਾਕਤ ਦੇ ਅਸਾਵੇਂਪਣ ਦੀ ਲਖਾਇਕ ਹੈ। ਸਮਾਜਿਕ ਤੇ ਆਰਥਿਕ ਪ੍ਰਗਤੀ ਪਰਬਲ ਭਾਸ਼ਾ ਦੇ ਗਿਆਨ ਅਤੇ ਘੱਟ ਗਿਣਤੀ ਭਾਸ਼ਾ ਤੇ ਸਭਿਆਚਾਰ ਨੂੰ ਤਿਆਗਣ ਨਾਲ ਬੱਝੀ ਹੋਈ ਹੈ। ਹਰੇਕ ਪੀੜ੍ਹੀ ਅੰਦਰ ਭਾਸ਼ਾ ਦੇ ਗਿਆਨ ਨੂੰ ਜਾਨਣਾ ਜ਼ਰੂਰੀ ਹੁੰਦਾ ਹੈ। ਕਿਸੇ ਭਾਸ਼ਾ ਦੀ ਭਾਵੀ ਉਮਰ ਭਵਿੱਖ ਵਿਚ ਉਹ ਬੋਲੀ ਬੋਲਣ ਤੇ ਵਰਤਣ ਤੋਂ ਇਲਾਵਾ ਪੀੜ੍ਹੀ-ਦਰ-ਪੀੜ੍ਹੀ ਸਪੁਰਦਗੀ ਉਪਰ ਨਿਰਭਰ ਕਰਦੀ ਹੈ।

ਭਾਸ਼ਾ ਦੀ ਸ਼ਕਤੀ ਦਾ ਪੈਮਾਨਾ-- ਭਾਸ਼ਾ ਵਿਗਿਆਨੀ ਮਾਈਕਲ ਕਰਾਸ ( 1997 ) ਨੇ ਕਿਸੇ ਭਾਸ਼ਾ ਦੇ ਪ੍ਰਭਾਵੀ ਤਰੀਕੇ ਨਾਲ ਹੋਂਦ ਵਿਚ ਬਣੇ ਰਹਿਣ ਨੂੰ ਜਾਚਣ ਲਈ ਇਹ ਪੈਮਾਨਾ ਨਿਸ਼ਚਿਤ ਕੀਤਾ ਹੈ, ਜੋ ਘਟਦੇ ਕ੍ਰਮ ਵਿਚ ਇਸ ਪ੍ਰਕਾਰ ਹੈ--

1. ਬੋਲੀ ਸਾਰੀਆਂ ਪੀੜ੍ਹੀਆਂ ਦੁਆਰਾ, ਸਣੇ ਸਾਰੇ ਜਾਂ ਤਕਰੀਬਨ ਸਾਰੇ ਬੱਚਿਆਂ ਦੁਆਰਾ ਬੋਲੀ ਜਾਂਦੀ ਹੈ,
2. ਬੋਲੀ ਸਾਰੇ ਜਾਂ ਵੱਧ ਤੋਂ ਵੱਧ ਬੱਚਿਆਂ ਦੁਆਰਾ ਸਿੱਖੀ ਜਾਂਦੀ ਹੈ,
3. ਬੋਲੀ ਉਨ੍ਹਾਂ ਸਾਰੇ ਬਾਲਗਾਂ ਦੁਆਰਾ ਬੋਲੀ ਜਾਂਦੀ ਹੈ ਜਿਹੜੇ ਮਾਪਿਆਂ ਜਾਂ ਉਸ ਤੋਂ ਵਡੇਰੀ ਉਮਰ ਦੇ ਹੋਣ ਪਰ ਬਹੁਤ ਘੱਟ ਬੱਚੇ ਇਸ ਨੂੰ ਸਿੱਖ ਰਹੇ ਹੋਣ ਜਾਂ ਕੋਈ ਵੀ ਬੱਚਾ ਨਾ ਸਿੱਖ ਰਿਹਾ ਹੋਵੇ,
4. ਬੋਲੀ 30 ਸਾਲ ਜਾਂ ਇਸ ਤੋਂ ਉਪਰ ਦੀ ਉਮਰ ਵਾਲੇ ਬੋਲਦੇ ਹਨ ਪਰ ਇਸ ਤੋਂ ਘੱਟ ਉਮਰ ਵਾਲੇ ਨਹੀਂ ਬੋਲ ਰਹੇ,
5. ਬੋਲੀ ਸਿਰਫ਼ 40 ਸਾਲ ਦੇ ਜਾਂ ਇਸ ਤੋਂ ਵਡੇਰੇ ਹੀ ਬੋਲਦੇ ਹਨ,
6. ਪੰਜਾਹ ਸਾਲ ਤੋਂ ਵੱਡੇ ਬੋਲਦੇ ਹਨ,
7. ਸੱਠ ਸਾਲ ਦੇ ਜਾਂ ਇਸ ਤੋਂ ਵੱਡੀ ਉਮਰ ਦੇ ਬੋਲਦੇ ਹਨ,
8. ਸੱਤਰ ਸਾਲ ਦੇ ਜਾਂ ਇਸ ਤੋਂ ਵਡੇਰੇ ਹੀ ਬੋਲਦੇ ਹਨ,
9. ਓਹੀ ਪਰ ਦਸ ਤੋਂ ਵੀ ਘੱਟ ਜਣੇ ਬੋਲਦੇ ਹਨ,
10. ਬੋਲੀ ਅਲੋਪ, ਜਾਣੀ ਖ਼ਤਮ, ਜਾਣੀ ਇਸ ਨੂੰ ਬੋਲਣ ਵਾਲਾ ਕੋਈ ਨਹੀਂ।

ਦੱਖਣੀ ਏਸ਼ੀਆਈ ਦੇਸ਼ਾਂ ਵਿਚੋਂ ਇਕੱਲੇ ਭਾਰਤ ਵਿਚ 415 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਹਿੰਦੀ ਤੇ ਬੰਗਲਾ ਤੋਂ ਇਲਾਵਾ ਚਾਰ ਦ੍ਰਾਵੜੀ ਬੋਲੀਆਂ-- ਤਾਮਿਲ, ਤੇਲਗੂ, ਕੰਨੜ, ਮਲਿਆਲਮ- ਜਾਨਦਾਰ ਬੋਲੀਆਂ ਹਨ। ਸੰਸਾਰ ਦੀਆਂ ਅਲੋਪ ਹੋ ਜਾਣ ਵਾਲੀਆਂ ਬੋਲੀਆਂ ਵਿਚ ਪ੍ਰਮੁਖ ਲਾਤੀਨੀ, ਅਕਾਡੀਅਨ, ਮਿਸਰੀ, ਈਥੀਓਪਿਕ, ਗਾਅਲਿਸ਼, ਹਿਟਾਈਟ ਆਦਿ ਦੇ ਨਾਂ ਵਰਨਣਯੋਗ ਹਨ। ਪੰਜਵੀਂ ਪੂਰਬ ਈਸਾ ਸ਼ਤਾਬਦੀ ਤਕ ਸੰਸਕ੍ਰਿਤ ਭਾਸ਼ਾ ਹਿੰਦ- ਯੂਰਪੀਨ ਪਰਿਵਾਰ ਦਾ ਹਿੱਸਾ ਅਤੇ ਯੂਨਾਨੀ- ਲਾਤੀਨੀ ਨਾਲ ਸਬੰਧ ਰਖਦੀ ਸੀ।

ਇੱਕ ਅੰਦਾਜ਼ੇ ਮੁਤਾਬਕ ਇਸ ਸਦੀ ਦੇ ਅੰਤ ਤਕ 90 ਪ੍ਰਤੀਸ਼ਤ ਭਾਸ਼ਾਵਾਂ ਲੁਪਤ ਹੋ ਜਾਣਗੀਆਂ। ਆਰਕਟਿਕ ਖੇਤਰ ਦੀਆਂ ਸਾਰੀਆਂ 73 ਬੋਲੀਆਂ ਖ਼ਤਰੇ ਵਿਚ ਹਨ। ਅਮਰੀਕਨ ਖੇਤਰ ਦੀਆਂ ਤਕਰੀਬਨ 1000 ਵਿੱਚੋਂ 170 ਲਗਭਗ ਖ਼ਤਮ ਹੋ ਚੁੱਕੀਆਂ ਹਨ। ਯੂਰਪ ਵਿਚ ਅੰਦਾਜ਼ਨ 239 ਭਾਸ਼ਾਵਾਂ ਵਿੱਚੋਂ ਤਕਰੀਬਨ 100 ਜਾਂ ਵੱਧ ਖ਼ਤਮ ਹੋਣ ਦੇ ਖਤਰੇ ਵਿਚ ਹਨ ਜਦੋਂ ਕਿ 12 ਖ਼ਤਮ ਹੋ ਚੁੱਕੀਆਂ ਹਨ। ਅਫਰੀਕਨ ਮਹਾਂਦੀਪ ਅੰਦਰ 2092 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ 300 ਜਾਂ ਵੱਧ ਅਲੋਪ ਹੋਣ ਦੇ ਕੰਢੇ ਹਨ ਅਤੇ ਇਸ ਤੋਂ ਇਲਾਵਾ ਲਗਭਗ 200 ਹੋਰ ਜਾਂ ਖ਼ਤਮ ਹੋ ਰਹੀਆਂ ਹਨ ਤੇ 46 ਖ਼ਤਮ ਹੋ ਚੁੱਕੀਆਂ ਹਨ। ਇਨ੍ਹਾਂ ਨੂੰ ਅਰਬੀ ਬੋਲੀਆਂ ਤੋਂ ਖਤਰਾ ਹੈ। ਏਸ਼ੀਆ ਅੰਦਰ ਤਕਰੀਬਨ 2269 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਤੇ 78 ਖ਼ਤਮ ਹੋ ਚੁੱਕੀਆਂ ਹਨ। ਆਸਟ੍ਰੇਲੀਆ ਤੇ ਪੈਸਿਫਿਕ ਦੇਸ਼ਾਂ ਅੰਦਰ ਕੋਈ 1310 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, 210 ਅਲੋਪ ਹੋਣ ਦੇ ਕਿਨਾਰੇ ਤੇ ਹਨ।

ਪੰਜਾਬੀ ਬੋਲੀ ਦਾ ਭਵਿੱਖ-- ਮਾਈਕਲ ਕਰਾਸ ਦੇ ਪੈਮਾਨੇ ਮੁਤਾਬਕ ਪੰਜਾਬੀ ਪਹਿਲੇ ਨੰਬਰ ਤੋਂ ਖਿਸਕਦੀ ਜਾ ਰਹੀ ਹੈ, ਦੂਸਰੇ ਨੰਬਰ ਤੋਂ ਵੀ। ਤੀਜੇ ਨੰਬਰ ਤੇਵੀ ਅੱਧ- ਪਚੱਧ ਖੜ੍ਹੀ ਹੈ। ਜੇ ਇਸੇ ਤਰ੍ਹਾਂ ਖਿਸਕਦੀ ਗਈ ਤਾਂ ਖਤਰੇ ਦੀ ਘੰਟੀ ਵੱਜ ਸਕਦੀ ਹੈ। ਯੂਨੈਸਕੋ ਦੇ ਮਾਨ- ਦੰਡ ਅਨੁਸਾਰ ਪਰਖੀਏ ਤਾਂ--


1. ਬੋਲੀ ਅਗਲੀ ਪੀੜ੍ਹੀ ਤਕਕੁਛ ਹੱਦ ਤਕ ਪਹੁੰਚ ਰਹੀ ਹੈ, ਸੌ ਪ੍ਰਤੀਸ਼ਤ ਨਹੀਂ। ਪੰਜਾਬ ਅੰਦਰ ਸਰਕਾਰੀ ਨੀਤੀ ਤੇ, ਪ੍ਰਾਈਵੇਟ ਸਕੂਲ ਤੇ ਅਦਾਰੇ ਢਾਹ ਲਾ ਰਹੇ ਹਨ। ਵਿਦੇਸ਼ਾਂ ਅੰਦਰਲੀ ਅਗਲੀ ਪੀੜ੍ਹੀ ਬੇਮੁਖ ਹੋ ਰਹੀ ਹੈ।
2. ਬੋਲਣ ਵਾਲਿਆਂ ਦੀ ਗਿਣਤੀ ਵਧਣ ਦੀ ਬਜਾਏ ਘਟ ਰਹੀ ਹੈ- ਦੋਵੇਂ ਪੰਜਾਬਾਂ ਅਤੇ ਵਿਦੇਸ਼ਾਂ ਅੰਦਰ।
3. ਕੌਮ ਦੀ ਆਬਾਦੀ ਦਾ ਪੰਜਾਬੀ ਬੋਲਣ ਦਾ ਪ੍ਰਤੀਸ਼ਤ ਮਾਮੂਲੀ ਜਿਹਾ ਘਟ ਰਿਹਾ ਹੈ।
4. ਬੋਲੀ ਦੀ ਆਮ ਵਰਤੋਂ ਦੀ ਥਾਂ ਸਹਿੰਦੇ-ਸਹਿੰਦੇ ਅੰਗ੍ਰੇਜ਼ੀ ਤੇ ਹਿੰਦੀ ਲੈ ਰਹੀਆਂ ਹਨ।
5. ਨਵੇਂ ਮੀਡੀਆ ਅਤੇ ਇੰਟਰਨੈੱਟ ਤੇ ਅੰਗ੍ਰੇਜ਼ੀ ਧੱਕਾ ਮਾਰ ਰਹੀ ਹੈ।
6. ਵਿੱਦਿਆ ਦੇ ਖੇਤਰ ਵਿਚ ਵਰਤੋਂ ਦੇ ਸੰਦ ਵਸਤਾਂ ਦੀ ਵਰਤੋਂ ਅਜੇ ਤਕ ਠੀਕ ਹੈ ਪਰ ਪ੍ਰਾਈਵੇਟ ਵਿਦਿਅਕ ਅਦਾਰੇ ਮੁਜਰਮਾਨਾ ਹੱਦ ਤਕ ਪੰਜਾਬੀ ਨੂੰ ਨੁਕਸਾਨ ਪੁਚਾ ਰਹੇ ਹਨ।
7. ਚੜ੍ਹਦੇ ਪੰਜਾਬ ਅੰਦਰ ਸਰਕਾਰੀ ਬੋਲੀ ਐਲਾਨਣ ਦੇ ਬਾਵਜੂਦ ਬਹੁਤਾ ਸਰਕਾਰੀ ਕੰਮ ਅੰਗ੍ਰੇਜ਼ੀ ਵਿਚ ਹੋਈ ਜਾਂਦਾ ਹੈ। ਪੰਜਾਬੀ ਭਾਸ਼ਾ ਜਾਂ ਸਾਹਿਤ ਦੇ ਵਿਕਾਸ ਲਈ ਕੋਈ ਯੋਜਨਾ ਜਾਂ ਆਰਥਕ ਚਾਰਾਜੋਈ ਨਹੀਂ। ਪੰਜਾਬੀ ਯੂਨੀਵਰਸਿਟੀ ਦੀ ਹਾਲਤ ਡਾਵਾਂਡੋਲ ਹੈ। ਕੁਛ ਪ੍ਰਾਈਵੇਟ ਸਕੂਲਾਂ ਅੰਦਰ ਵਿਦਿਆਰਥੀਆਂ ਨੂੰ ਪੰਜਾਬੀ ਬੋਲਣ ਤੇ ਜੁਰਮਾਨਾ ਕਰਨਾ ਸ਼ਰਮਨਾਕ ਕਾਰਵਾਈ ਹੈ। ਨੌਕਰੀਆਂ ਦੇਣ ਸਮੇਂ ਪੰਜਾਬੀ ਯੋਗਤਾ ਦੀ ਲੋੜੀਂਦੀ ਕਦਰ ਨਹੀਂ ਪੈਂਦੀ। ਚਿੰਤਾ ਦੀ ਗੱਲ ਇਹ ਵੀ ਹੈ ਕਿ ਪਿੰਡਾਂ ਵਿਚ ਵੀ ਬਹੁਗਿਣਤੀ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਅੰਗ੍ਰੇਜ਼ੀ ਮਾਧਿਅਮ ਰਾਹੀਂ ਵਿੱਦਿਆ ਹਾਸਲ ਕਰ ਰਹੇ ਹਨ। ਸ਼ਹਿਰਾਂ ਵਿਚ ਤਾਂ ਹਿੰਦੀ ਬੋਲਣ ਦਾ ਰੁਝਾਨ ਵਧ ਰਿਹਾ ਹੈ। ਲਹਿੰਦੇ ਪੰਜਾਬ ਵਿਚ ਤਾਂ ਪੰਜਾਬੀ ਨੂੰ ਸਰਕਾਰੀ ਬੋਲੀ ਹੋਣ ਦਾ ਹੱਕ ਵੀ ਨਹੀਂ ਮਿਲਿਆ ਜਦੋਂ ਕਿ ਇਹ ਉੱਥੋਂ ਦੇ ਭਾਰੀ ਗਿਣਤੀ ਲੋਕਾਂ ਦੀ ਮਾਂ- ਬੋਲੀ ਹੈ। ਭਾਰਤ ਅੰਦਰ ਜਿਵੇਂ ਨਵੇਂ ਖੇਤੀ ਕਾਨੂੰਨ ਘੜੇ ਗਏ ਹਨ, ਤੇ ਜਿਵੇਂ ਖੇਤੀਬਾੜੀ ਦੇ ਧੰਦੇ ਨੂੰ ( ਜ਼ਮੀਨਾਂ ਸਹਿਤ ) ਕਾਰਪੋਰੇਟ ਅਦਾਰਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ, ਤਾਂ ਉਹ ਦਿਨ ਦੂਰ ਨਹੀਂ ਜਦੋਂ ਖੇਤਾਂ ਬੇਲਿਆਂ ਅੰਦਰ ਪੰਜਾਬੀ ਵਿਚ ਹੇਕਾਂ ਲਗਣੋਂ ਹਟ ਜਾਣਗੀਆਂ। ਜੇ ਪੰਜਾਬੀ ਪਿੰਡਾਂ ਵਿਚ ਸਾਹ ਲੈਂਦੀ ਰਹੀ ਤਾਂ ਹੀ ਇਸ ਦੇ ਚਿਰ ਸਥਾਈ ਹੋਣ ਦੀ ਉਮੀਦ ਹੈ। ਹੋਰ ਗੰਭੀਰ ਖਤਰਾ ਹਿੰਦ ਸਰਕਾਰ ਦੀ ਭਗਵਾਂਕਰਨ ਅਤੇ ਹਿੰਦੀਕਰਨ ਦੀ ਧੱਕੜ ਨੀਤੀ ਤੋਂ ਹੈ। ਪੰਜਾਬੀ ਨੂੰ ਗੁੱਠੇ ਲਾਉਣ ਲਈ ਹਿੰਦੀ ਦਾ ਪਸਾਰਾ ਬੜੀ ਸੋਚੀ ਸਮਝੀ ਸਾਜ਼ਿਸ਼ ਅਧੀਨ ਹੋ ਰਿਹਾ ਹੈ। ਪੌਣੀ ਸਦੀ ਪਹਿਲਾਂ ਪੰਜਾਬੀ ਦੇ ਅਲਬੇਲੇ ਸਪੂਤ ਬਾਬੂ ਰਜਬ ਅਲੀ ਖ਼ਾਨ ਨੇ ਦੂਰ ਦ੍ਰਿਸ਼ਟੀ ਨਾਲ ਸਪਸ਼ਟ ਤੌਰ ਤੇ ਤਾੜਨਾ ਕਰ ਕੇ ਖ਼ਬਰਦਾਰ ਕੀਤਾ ਸੀ, ਜਿਸ ਤੇ ਅਮਲ ਕਰਨ ਦਾ ਵੇਲਾ ਆ ਗਿਆ ਹੈ---

ਆਪਣੀ ਜ਼ਬਾਨ ਛੱਡ ਗੈਰਾਂ ਦੇ ਮਗਰ ਲੱਗਾ,
ਏਦੂੰ ਵੱਧ ਬੇਵਕੂਫਾ ਕਿਹੜੀ ਗੱਲ ਪਾਪ ਦੀ।
ਬਾਬੂ ਜੀ ਪੰਜਾਬੀ ਫਿਰੇ ਸਿਖਦਾ ਜ਼ਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ ਤੇਰੇ ਮਾਂ ਤੇ ਬਾਪ ਦੀ।

8. ਭਾਸ਼ਾ ਪ੍ਰਤੀ ਸਾਡੇ ਖਾਸੇ ਲੋਕਾਂ ਦਾ ਰਵੱਈਆ ਤਸੱਲੀਬਖਸ਼ ਨਹੀਂ। ਕਿਤਾਬਾਂ-ਰਿਸਾਲੇ ਪੜ੍ਹਨ ਦਾ ਘਟਦਾ ਰੁਝਾਨ ਚੰਗੀ ਨਿਸ਼ਾਨੀ ਨਹੀਂ ਹੈ।
9. ਭਾਸ਼ਾ ਦੇ ਦਸਤਾਵੇਜ਼ਾਂ ਵਗੈਰਾ ਅਤੇ ਸਾਹਿਤ ਸਿਰਜਣਾ ਦੇ ਪੱਖ ਤੋਂ ਸਥਿਤੀ ਤਸੱਲੀਬਖ਼ਸ਼ ਹੈ।

ਉਪ੍ਰੋਕਤ ਵਿਸ਼ਲੇਸ਼ਣ ਦੇ ਬਾਵਜੂਦ ਪੰਜਾਬੀ ਬੋਲੀ ਦੇ ਪੱਖ ਵਿਚ ਹਾਂਦਰੂ ਤੱਥ ਵੀ ਮੌਜੂਦ ਹਨ। ਪੰਜਾਬੀ ਵਿਚ ਨਰੋਆ ਤੇ ਚੋਖੀ ਗਿਣਤੀ ਵਿਚ ਸਾਹਿਤ ਰਚਿਆ ਜਾ ਰਿਹਾ ਹੈ, ਦੋਵੇਂ ਪੰਜਾਬਾਂ ਅਤੇ ਵਿਦੇਸ਼ਾਂ ਵਿਚ। ਇੰਟਰਨੈੱਟ ਅਤੇ ਡਿਜੀਟਲ ਮੀਡੀਏ ਦੇ ਪੰਜਾਬੀ ਸੰਦ ਘੜ ਲਏ ਗਏ ਹਨ। ਵਿਦੇਸ਼ਾਂ ਅੰਦਰ ਕੁਛ ਹੱਦ ਤਕ ਪੰਜਾਬੀ ਬੱਚੇ ਆਪਣੀ ਬੋਲੀ ਸਿੱਖ ਰਹੇ ਹਨ, ਭਾਵੇਂ ਥੋੜੀ ਗਿਣਤੀ ਸਹੀ ਪਰ ਪੰਜਾਬੀ ਨੂੰ ਜਿਉਂਦਾ ਰੱਖਣ ਲਈ ਉਮੀਦ ਵਧ ਰਹੀ ਹੈ। ਸਾਡਾ ਨਰੋਆ ਸਭਿਆਚਾਰ, ਅਮੀਰ ਧਰਮਿਕ, ਸਮਾਜਿਕ, ਤੇ ਲੋਕ-ਧਾਰਾਈ ਵਿਰਸਾ ਪੰਜਾਬੀ ਜ਼ਬਾਨ ਨੂੰ ਸਦੀਵੀ ਹੋਣ ਦਾ ਬਲ ਬਖ਼ਸ਼ਦਾ ਹੈ। ਵਧੀਆ ਗੱਲ ਇਹ ਕਿ ਇਸ ਬੋਲੀ ਕੋਲ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਪੱਕਾ ਜ਼ਰਖ਼ੇਜ਼ ਧਰਾਤਲ ਹੈ। ਦਸ ਕਰੋੜ ਤੋਂ ਵੱਧ ਲੋਕਾਂ ਦੀ ਮਾਂ ਬੋਲੀ ਹੈ। ਇਸ ਬੋਲੀ ਵਿਚ ਲੋਹੜੇ ਦਾ ਅਮੀਰ ਸੂਫ਼ੀ ਸਾਹਿਤ ਅਤੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਰੂਹਾਨੀ ਬਾਣੀ ਦਾ ਅਥਾਹ ਭੰਡਾਰ ਹੈ ਜਿਸ ਵਿਚ ਸਮੁੱਚੀ ਮਨੁੱਖਤਾ ਦਾ ਪਾਰ ਉਤਾਰਾ ਕਰਨ ਦੀ ਸਮਰੱਥਾ ਹੈ। ਇਤਿਹਾਸ ਵਾਚਣ ਤੋਂ ਵੀ ਸਕੂਨ ਮਿਲਦਾ ਹੈ ਕਿ ਜਿਸ ਬੋਲੀ ਨੂੰ ਅਰਬੀ, ਫਾਰਸੀ, ਅੰਗ੍ਰੇਜ਼ੀ ਬੋਲਣ ਵਾਲੇ ਧਾੜਵੀ ਸਾਮਰਾਜੀ ਹਜ਼ਾਰਾਂ ਸਾਲ ਰਾਜ ਕਰਨ ਸਮੇਂ ਲੋਕਾਂ ਦੀ ਜ਼ਬਾਨ ਤੋਂ ਨਾ ਖੋਹ ਸਕੇ, ਉਹ ਹੁਣ ਆਪਣੀ ਔਲਾਦ ਦੇ ਰਾਜ ਭਾਗ ਵਿਚ ਕਿਵੇਂ ਕਿਸੇ ਪਾਸਿਓਂ ਮਾਰ ਖਾ ਸਕਦੀ ਹੈ। ਇਸ ਮਹਾਨ ਬੋਲੀ ਦੀ ਸਦੀਆਂ ਤੋਂ ਚੜ੍ਹਤ ਤੇ ਰਹੀ ਅੰਦਰੂਨੀ ਸ਼ਕਤੀ ਹਰ ਤਰ੍ਹਾਂ ਦੀਆਂ ਠੋਕਰਾਂ ਦਾ ਟਾਕਰਾ ਕਰਨ ਦੇ ਸਮਰੱਥ ਹੈ। ਨਾ ਹੀ ਪੰਜਾਬੀ ਸ਼ਬਦ ਨੂੰ ਕੋਈ ਆਂਚ ਆਉਣ ਵਾਲੀ ਹੈ, ਨਾ ਪੰਜਾਬੀ ਹੀ ਮੁੱਕਣ ਵਾਲੇ ਹਨ, ਤੇ ਨਾ ਪੰਜਾਬੀ ਜ਼ਬਾਨ ਨੂੰ ਕੋਈ ਵਧਣ ਫੁੱਲਣ ਤੋਂ ਰੋਕ ਸਕਦਾ ਹੈ। ਨਿਸ਼ਚਿਤ ਹੈ ਕਿ ਦੁਨੀਆਂ ਭਰ ਅੰਦਰ ਜਿੱਥੇ ਕਿਤੇ ਵੀ ਪੰਜਾਬੀ ਹੋਣਗੇ, ਉਨ੍ਹਾਂ ਦੇ ਮੰਗਣੇ ਵਿਆਹ ਹੁੰਦੇ ਰਹਿਣਗੇ, ਗੀਤ ਗਾਏ ਜਾਂਦੇ ਰਹਿਣਗੇ, ਗੁਰਬਾਣੀ ਦੇ ਕੀਰਤਨ ਹੁੰਦੇ ਰਹਿਣਗੇ, ਗਿੱਧੇ- ਭੰਗੜੇ ਪਾਏ ਜਾਂਦੇ ਰਹਿਣਗੇ, ਧਮੱਚੜ ਪੈਂਦੇ ਰਹਿਣਗੇ, ਪੰਜਾਬੀ ਦੀ ਗੂੰਜ ਉੱਚੀ ਹੁੰਦੀ ਰਹੇਗੀ ਜਿਸ ਨੂੰ ਹੋਰ ਕੌਮਾਂ ਦੇ ਲੋਕ ਵੀ ਮਾਨਣ ਦੀ ਹਿਰਸ ਰੱਖਣਗੇ। ਹਾਂ, ਸਾਨੂੰ ਸੰਭਾਵੀ ਖਤਰਿਆਂ ਤੋਂ ਪੂਰੀ ਤਰ੍ਹਾਂ ਸੁਚੇਤ ਤੇ ਖ਼ਬਰਦਾਰ ਹੋ ਕੇ, ਸਮੇਂ ਸਿਰ ਢੁਕਵੇਂ ਵਸੀਲੇ ਜੁਟਾ ਕੇ ਸਾਰੇ ਲੋੜੀਂਦੇ ਉਪਰਾਲੇ ਕਰਨੇ ਪੈਣਗੇ। ਆਓ ਪੰਜਾਬੀ ਬੋਲੀ ਦੇ ਉਜਲੇ ਭਵਿੱਖ ਲਈ ਆਸਵੰਦ ਰਹੀਏ, ਆਪਣਾ ਬਣਦਾ ਯੋਗਦਾਨ ਪਾਈਏ ਤੇ ਮਾਂ ਬੋਲੀ ਦਾ ਅਸ਼ੀਰਵਾਦ ਪ੍ਰਾਪਤ ਕਰੀਏ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

## ਅਲਬਰਟਾ ਸੂਬੇ ਅੰਦਰ ਹਸਪਤਾਲਾਂ ਵਿੱਚ ਨਰਸਾਂ ਨੂੰ ਛੁੱਟੀਆਂ ਰੱਦ ਕਰਨ ਅਤੇ ਓਵਰਟਾਈਮ ਲਈ ਤਿਆਰ ਹੋਣ ਨੂੰ ਕਿਹਾ

Alberta Health Services

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਸਪਤਾਲਾਂ ਵਿਚ ਕੋਵਿਡ-19 ਮਰੀਜ਼ਾਂ ਦੀ ਗਿਣਤੀ ਮੁੜ ਵਧਣ ਅਤੇ ਸਟਾਫ਼ ਦੀ ਕਮੀ ਨੂੰ ਦੇਖਦਿਆਂ ਐਲਬਰਟਾ ਹੈਲਥ ਸਰਵਿਸਿਜ਼ ਨੇ ਸੂਬੇ ਭਰ ਵਿੱਚ ਨਰਸਾਂ ਨੂੰ ?ਵਰ-ਟਾਇਮ ਕਰਨ ਅਤੇ ਆਪਣੀਆਂ ਛੁੱਟੀਆਂ ਰੱਦ ਕਰਨ ਨੂੰ ਕਿਹਾ ਹੈ। ਯੁਨਾਇਟਿਡ ਨਰਸਿਜ਼ ਔਫ਼ ਐਲਬਰਟਾ ਨੂੰ ਭੇਜੀ ਇੱਕ ਈ-ਮੇਲ ਵਿੱਚ ਐਲਬਰਟਾ ਹੈਲਥ ਸਰਵਿਸਿਜ਼ - ਏ.ਐਚ.ਐਸ. ਦਾ ਕਹਿਣਾ ਹੈ ਕਿ ਕੁਲੈਕਟਿਵ ਐਗਰੀਮੈਂਟ ਅਨੁਸਾਰ, ਜੇ ਐਮਰਜੰਸੀ ਹਾਲਾਤ ਬਣਦੇ ਹਨ ਤਾਂ ਨਰਸਾਂ ਨੂੰ ਲੰਬਾ ਸਮਾਂ ਕੰਮ ਕਰਨ, ਲਾਜ਼ਿਮ ਤੌਰ 'ਤੇ ?ਵਰਟਾਇਮ ਕਰਨ ਅਤੇ ਦੂਜੇ ਹਸਪਤਾਲਾਂ ਵਿੱਚ ਜਾ ਕੇ ਕੰਮ ਕਰਨ ਨੂੰ ਕਿਹਾ ਜਾ ਸਕਦਾ ਹੈ। ਯੁਨਿਅਨ ਦੇ ਡਾਇਰੈਕਟਰ ਔਫ਼ ਲੇਬਰ ਰਿਲੇਸ਼ਨਜ਼ ਡੇਵਿਡ ਹੈਰਿਗਨ ਦਾ ਕਹਿਣਾ ਹੈ ਕਿ ਨਰਸਾਂ ਦੇ ਕੌਂਟ੍ਰੈਕਟ ਅਨੁਸਾਰ ਮੌਜੂਦਾ ਸਥਿਤੀ ਐਮਰਜੰਸੀ ਹਾਲਾਤ ਵਾਲੀ ਨਹੀਂ ਬਣੀ ਹੈ। ਹੈਰਿਗਨ ਦਾ ਕਹਿਣਾ ਹੈ ਕਿ ਸਿਰਫ਼ ਡਾ. ਡੀਨਾ ਹਿਨਸ਼ੌਅ ਨੂੰ ਛੱਡ ਕੇ ਸਾਰੇ ਡਾਕਟਰਾਂ ਅਤੇ ਨਰਸਿਜ਼ ਯੂਨੀਅਨ ਨੇ ਏਐਚਐਸ ਉੱਤੇ ਦਬਾਅ ਪਾਉਣ ਵਾਸਤੇ ਦਰਜਨਾਂ ਪ੍ਰੋਟੈਸਟ ਕੀਤੇ ਤਾਂ ਕਿ ਐਮਰਜੰਸੀ ਹਾਲਾਤ ਬਣਨ ਤੋਂ ਪਹਿਲਾਂ ਹੀ ਸਥਿੱਤੀ 'ਤੇ ਕਾਬੂ ਪਾ ਲਿਆ ਜਾਵੇ ਪਰ ਕਿਸੇ ਨੇ ਉਹਨਾਂ ਦੀ ਗੱਲ ਨਹੀਂ ਸੁਣੀ। ਏਐਚਐਸ ਦਾ ਕਹਿਣਾ ਹੈ ਕਿ ਐਡਮੰਟਨ ਅਤੇ ਸਦਰਨ ਐਲਬਰਟਾ ਵਿੱਚ ਹਾਲਾਤ ਐਮਰਜੰਸੀ ਵਾਲੇ ਬਣਦੇ ਜਾ ਰਹੇ ਹਨ ਜਿਸ ਕਰਕੇ ਪਹਿਲਾਂ ਮਨਜ਼ੂਰ ਕੀਤੀਆਂ ਛੁੱਟੀਆਂ ਰੱਦ ਕੀਤੀਆਂ ਜਾ ਰਹੀਆਂ ਹਨ। ਹੈਰਿਗਨ ਦਾ ਕਹਿਣਾ ਹੈ ਕਿ ਇੱਕ ਪਾਸੇ ਗੱਲਬਾਤ ਦੌਰਾਨ ਸੂਬਾ ਸਰਕਾਰ ਨਰਸਾਂ ਦੀਆਂ ਤਨਖਾਹਾਂ ਵਿੱਚ ਕਟੌਤੀ ਕਰਨ ਨੂੰ ਕਹਿ ਰਹੀ ਹੈ ਤੇ ਦੂਜੇ ਪਾਸੇ ਉਹਨਾਂ ਤੋਂ ਵਾਧੂ ਕੰਮ ਕਰਵਾਉਣ ਤੇ ਉਹਨਾਂ ਦੀਆਂ ਛੁੱਟੀਆਂ ਰੱਦ ਕਰਨ ਲਈ ਕਹਿ ਰਹੀ ਹੈ। ਉੱਧਰ, ਐਮਰਜੰਸੀ ਰੂਮ ਦੇ ਇੱਕ ਡਾਕਟਰ ਦਾ ਕਹਿਣਾ ਹੈ ਕਿ ਜੇ ਸਟਾਫ਼ ਦੀ ਕਮੀ ਦੂਰ ਨਾ ਕੀਤੀ ਗਈ ਤਾਂ ਆਉਂਦੇ ਦਿਨਾਂ ਵਿੱਚ ਲੋਕਾਂ ਨੂੰ ਸਿਹਤ ਸਹੂਲਤਾਂ ਮਿਲਣ ਵਿੱਚ ਦਿੱਕਤਾਂ ਆਉਣੀਆਂ ਸ਼ੁਰੂ ਹੋ ਸਕਦੀਆਂ ਹਨ।

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਜੇਕਰ ਬੀ ਸੀ ਵਿੱਚ ਇਹਨਾਂ ਥਾਵਾਂ ਉੱਪਰ ਜਾਣਾ ਹੈ ਤਾਂ ਤੁਹਾਡੇ ਦੋਵੇਂ ਟੀਕੇ ਲੱਗੇ ਹੋਣੇ ਚਾਹੀਦੇ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਵਿੱਚ ਸਰਕਾਰ ਨੇ ਨਵੇਂ ਨਿਯਮਾਂ ਦਾ ਐਲਾਨ ਕਰਦਿਆਂ ਸਾਰੀਆਂ ਇਨਡੋਰ ਫੈਸਿਲਿਟੀਆਂ ਵਿੱਚ ਹੋਣ ਵਾਲੀਆਂ ਗੇਮਾਂ, ਕੌਨਸਰਟਾਂ, ਰੈਸਟੋਰੈਂਟਾਂ, ਨਾਇਟ ਕਲੱਬਾਂ, ਕੈਸੀਨੋ, ਮੂਵੀ ਥਿਏਟਰਾਂ, ਫਿਟਨੈਸ ਸੈਂਟਰਾਂ, ਮੈਰਿਜ ਪੈਲੇਸ ਅਤੇ ਸਕੂਲ-ਕਾਲਿਜਾਂ ਵਿੱਚ ਜਾਣ ਵਾਸਤੇ ਵੈਕਸਿਨ ਦੀਆਂ ਦੋਵੇਂ ਡੋਜਾਂ ਲੈਣਾ ਲਾਜ਼ਿਮ ਕਰ ਦਿੱਤਾ ਹੈ ਜਿਸ ਦਾ ਸਿੱਧਾ ਅਸਰ ਐਲਬਰਟਾ ਵਾਸੀਆਂ ਉੱਪਰ ਪਵੇਗਾ। ਐਲਬਰਟਾ ਵਿੱਚ ਵੈਕਸਿਨ ਪਾਸਪੋਰਟ ਦੀ ਕੋਈ ਸਹੂਲਤ ਨਹੀਂ ਹੈ ਤੇ ਨਾ ਹੀ ਸਰਕਾਰ ਅਜਿਹਾ ਕਰਨ ਦੀ ਇੱਛੁਕ ਹੈ। ਘੁੰਮਣ ਫਿਰਨ ਲਈ ਬ੍ਰਿਟਿਸ਼ ਕੋਲੰਬੀਆ ਵੱਲ ਜਾਣ ਵਾਲੇ ਐਲਬਰਟਾ ਵਾਸੀਆਂ ਲਈ ਇਸ ਕਾਰਨ ਵੱਡੀ ਦਿੱਕਤ ਆ ਸਕਦੀ ਹੈ। ਕਿਉਬੈਕ ਵੱਲੋਂ ਵੀ ਵੈਕਸਿਨ ਪਾਸਪੋਰਟ ਜਾਰੀ ਕਰਨ ਦੀ ਗੱਲ ਕਹਿ ਦਿੱਤੀ ਗਈ ਹੈ ਤੇ ਇੰਟਰਨੈਸ਼ਨਲ ਟ੍ਰੈਵਰਲਜ਼ ਵਾਸਤੇ ਇਹ ਲਾਜ਼ਿਮੀ ਕਰ ਦਿੱਤਾ ਗਿਆ ਹੈ। ਅਲਬਰਟਾ ਵਾਸੀਆਂ ਨੂੰ ਫਾਰਮੇਸੀ ਵੱਲੋਂ ਦਿੱਤਾ ਗਿਆ ਪੇਪਰ ਵੀ ਇਸ ਕੰਮ ਲਈ ਵੈਲਿਡ ਮੰਨਿਆ ਜਾਵੇਗਾ ਤੇ ਐਲਬਰਟਾ ਵਾਸੀ ਮਾਇ-ਹੈਲਥ-ਰੈਕਰਡਜ਼ 'ਤੇ ਔਨਲਾਇਨ ਜਾ ਕੇ ਜਾਂ ਐਪ ਡਾਉਨਲੋਡ ਕਰਕੇ ਵੀ ਇਹ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

# ਸਰਕਾਰਾਂ ਭਾਵੇਂ ਕੁੱਝ ਨਹੀਂ ਕਹਿੰਦੀਆਂ ਪਰ ਸਿਹਤ ਮਾਹਿਰ ਤਾਂ ਮਾਸਕ ਪਾਉਣ ਲਈ ਆਖ ਰਹੇ ਹਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਸਿਹਤ ਮਾਹਿਰਾਂ ਨੇ ਦੇਸ਼ ਭਰ ਵਿੱਚ ਕੋਰੋਨਾ ਵਾਇਰਸ ਦੇ ਵਧਦੇ ਜਾ ਰਹੇ ਕੇਸਾਂ ਨੂੰ ਧਿਆਨ ਵਿੱਚ ਰੱਖਦਿਆਂ ਮਾਸਕ ਪਾਉਣ ਨੂੰ ਲਾਜ਼ਿਮ ਕੀਤੇ ਜਾਣ ਦੀ ਸਿਫਾਰਿਸ਼ ਕੀਤੀ ਹੈ। ਮੈਨਿਟੋਬਾ ਅਤੇ ਬ੍ਰਿਟਿਸ਼ ਕੋਲੰਬੀਆ ਨੇ ਸਾਰੀਆਂ ਇਨਡੋਰ ਥਾਵਾਂ 'ਤੇ ਮਾਸਕ ਪਾਉਣਾ ਲਾਜ਼ਿਮ ਕਰ ਦਿੱਤਾ ਹੈ। ਕਿਉਬੈਕ ਨੇ ਸੂਬੇ ਦੇ 9 ਇਲਾਕਿਆਂ ਵਿਚਲੇ ਸਕੂਲਾਂ ਵਿੱਚ ਮਾਸਕ ਜ਼ਰੂਰੀ ਕਰ ਦਿੱਤਾ ਹੈ। ਐਲਬਰਟਾ ਵਿੱਚ ਕਈ ਸਕੂਲ ਬੋਰਡਾਂ ਨੇ ਆਪਣੇ ਤੌਰ 'ਤੇ ਫੈਸਲਾ ਲੈਂਦਿਆਂ ਸਕੂਲਾਂ ਵਿੱਚ ਮਾਸਕ ਪਾਉਣ ਨੂੰ ਜ਼ਰੂਰੀ ਕੀਤਾ ਹੈ ਪਰ ਸਰਕਾਰ ਵੱਲੋਂ ਕੋਈ ਐਲਾਨ ਨਹੀਂ ਕੀਤਾ ਗਿਆ ਹੈ। ਪੇਅਰੈਂਟ ਐਡਵੋਕੇਟਸ, ਸਿਹਤ ਮਾਹਿਰ ਅਤੇ ਵਿਰੋਧੀ ਧਿਰ ਐਨ.ਡੀ.ਪੀ. ਨੇ ਐਲਬਰਟਾ ਦੀ ਜੇਸਨ ਕੈਨੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੋਵਿਡ-19 ਹੈਲਥ ਰੈਸਟ੍ਰਿਕਸ਼ਨਾਂ ਮੁੜ ਕੇ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹਨਾਂ ਦਾ ਕਹਿਣਾ ਹੈ ਕਿ ਕੇਸ ਵਧ ਰਹੇ ਹਨ ਪਰ ਸਰਕਾਰ ਸਕੂਲਾਂ ਨੂੰ ਪਹਿਲ ਲਿਸਟ ਵਿੱਚੋਂ ਬਾਹਰ ਕਰ ਰਹੀ ਹੈ। ਐਜੁਕੇਸ਼ਨ ਕ੍ਰਿਟਿਕ ਸੈਰਾਹ ਹੌਫ਼ਮੈਨ ਦ ਕਹਿਣਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਟੈਸਟ, ਟ੍ਰੇਸ ਐਂਡ ਆਇਸੋਲੇਟ ਦੀ ਪੌਲਿਸੀ ਮੁੜ ਬਹਾਲ ਕਰੇ ਤੇ ਵਿਦਿਆਰਥੀਆਂ ਵਿੱਚ ਫੈਲ ਵਧ ਰਹੇ ਮੈਂਟਲ ਹੈਲਥ ਇਸ਼ੁਜ਼ ਨੂੰ ਨਜਿੱਠਣ ਲਈ ਫੰਡਿੰਗ ਦਾ ਐਲਾਨ ਕਰੇ। ਹੌਫ਼ਮੈਨ ਨੇ ਕਿਹਾ ਕਿ 2200 ਮੈਂਟਲ ਹੈਲਥ ਸਟਾਫ਼ ਭਰਤੀ ਕਰਨ 'ਤੇ 180 ਮਿਲੀਅਨ ਡਾਲਰਾਂ ਦਾ ਖ਼ਰਚਾ ਆਵੇਗਾ।



# ਦੇਖੋ ਭਲਾਂ ਕਨੇਡਾ ਦੇ ਚੋਣ ਸਰਵੇਖਣ ਕੀਹਦੀ ਸਰਕਾਰ ਬਣਾ ਰਹੇ ਹਨ ?




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇਪਸੌਸ ਪੋਲ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਦੱਸਿਆ ਜਾ ਰਿਹਾ ਹੈ ਕਿ ਜਿਵੇਂ ਜਿਵੇਂ ਚੋਣਾਂ ਦਾ ਦਿਨ ਨੇੜੇ ਆ ਰਿਹਾ ਹੈ, ਫੈਡਰਲ ਲਿਬਰਲਜ਼ ਅਤੇ ਫੈਡਰਲ ਕੰਜ਼ਰਵੇਟਿਵਜ਼ ਦੀ ਦੂਰੀ ਖ਼ਤਮ ਹੋਣ ਲੱਗੀ ਹੈ ਮੁਕਾਬਲਾ ਫਸਵਾਂ ਹੋਣ ਲੱਗਿਆ ਹੈ। ਅੰਕੜਿਆਂ ਦੇ ਲਿਹਾਜ਼ ਨਾਲ ਦੋਵੇਂ ਆਪਸੀ ਵਿਰੋਧੀ ਪਾਰਟੀਆਂ ਇੱਕ ਦੂਜੇ ਦੇ ਬਹੁਤ ਨੇੜੇ ਹੋ ਗਈਆਂ ਹਨ। ਇੱਕ ਮਹੀਨਾ ਪਹਿਲਾਂ ਲਿਬਰਲਜ਼, ਕੰਜ਼ਰਵੇਟਿਵਜ਼ ਦੇ ਮੁਕਾਬਲੇ 10 ਪੁਆਇੰਟਸ ਅੱਗੇ ਸਨ ਤੇ ਹੁਣ ਨਵੀਨਤਮ ਅੰਕੜਿਆਂ ਵਿੱਚ ਇਹ ਫਾਸਲਾ ਘਟ ਕੇ 1 ਪੁਆਇੰਟ ਦਾ ਰਹਿ ਗਿਐ। ਇਪਸੌਸ ਦੇ ਅਨੁਸਾਰ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਦੀ ਪੌਪੁਲੈਰਿਟੀ 50 ਪੁਆਇੰਟ ਘਟ ਗਈ ਹੈ। ਪੋਲ ਦੇ ਮੁਖੀ ਡੈਰੈਲ ਬ੍ਰਿਕਰ ਦਾ ਕਹਿਣਾ ਹੈ ਕਿ ਇਸ ਸਰਵੇ ਵਿੱਚ 1500 ਦੇਸ਼ ਵਾਸੀਆਂ ਨਾਲ ਗੱਲ ਕੀਤੀ ਗਈ ਸੀ। ਐਨਡੀਪੀ ਨੇ ਆਪਣੀ ਕਾਰਗੁਜ਼ਾਰੀ ਵਿੱਚ ਇੱਕ ਪੁਆਇੰਟ ਦਾ ਵਾਧਾ ਕੀਤਾ ਹੈ ਤੇ ਇਹ 21 ਪੁਆਇੰਟਾਂ ਤੇ ਪਹੁੰਚ ਗਈ ਹੈ। ਲਿਬਰਲਜ਼ 33 'ਤੇ ਅਤੇ ਕੰਜ਼ਰਵੇਟਿਵਜ਼ 32 ਪੁਆਇੰਟਸ 'ਤੇ ਪਹੁੰਚ ਗਏ ਹਨ। ਪਹਿਲੇ ਹਫ਼ਤੇ ਵਿੱਚ ਅਫ਼ਗਾਨਿਸਤਾਨ ਦੀਆਂ ਘਟਨਾਵਾਂ ਨੇ ਲਿਬਰਲਾਂ ਨੂੰ ਢਾਹ ਲਗਾਈ ਤੇ ਕੋਰੋਨਾ ਵਾਇਰਸ ਦੀ ਚੌਥੀ ਵੇਵ ਇਸ ਦਾ ਪਿੱਛਾ ਕਰ ਰਹੀ ਹੈ। ?ਟੈਰੀ? ਵਿੱਚ ਲਿਬਰਲਾਂ ਨੂੰ ਖੋਰਾ ਲੱਗ ਰਿਹਾ ਨਜ਼ਰ ਆਉਂਦਾ ਹੈ ਤੇ ਐਨਡੀਪੀ ਨੇ ਵੀ ਇਸ ਸੂਬੇ ਵਿੱਚ ਸੁਧਾਰ ਕੀਤਾ ਹੈ।

# ਐਨ ਡੀ ਪੀ ਲੀਡਰ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਹ ਬਜ਼ੁਰਗਾਂ ਦੀਆਂ ਕੇਅਰ ਫੈਸਿਲਿਟੀਆਂ ਨੂੰ ਸਿਰਫ ਡਾਲਰ ਕਮਾਉਣ ਵਾਲਾ ਬਿਜਨਿਸ ਨਹੀਂ ਬਣਨ ਦੇਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਲਿਬਰਲ ਲੀਡਰ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਚੋਣਾਂ ਮਗਰੋਂ ਜੇ ਉਹਨਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਦੇਸ਼ ਵਿੱਚ ਹਾਊਜ਼ਿੰਗ ਅਫੌਰਡੇਬਿਲਿਟੀ ਲਿਆਉਣ ਵਾਸਤੇ ਕਈ ਕਦਮ ਚੁੱਕੇ ਜਾਣਗੇ। ਫੈਡਰਲ ਕੰਜ਼ਰਵੇਟਿਵਜ਼ ਦਾ ਕਹਿਣਾ ਸੀ ਕਿ ਜੇ ਉਹਨਾਂ ਸਰਕਾਰ ਬਣਾਈ ਤਾਂ ਵਿਦੇਸ਼ੀਆਂ ਦੇ ਘਰ ਖਰੀਦਣ 'ਤੇ ਪਾਬੰਦੀ ਲਗਾਈ ਜਾਵੇਗੀ ਤੇ ਲਿਬਰਲਜ਼ ਨੇ ਵੀ ਇਹੀ ਵਾਅਦਾ ਕਰ ਦਿੱਤਾ ਹੈ। ਲਿਬਰਲਜ਼ ਨੇ ਵਾਅਦਾ ਕੀਤਾ ਹੈ ਕਿ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਵਾਸਤੇ ਨਵਾਂ ਟੈਕਸ ਫ੍ਰੀ ਸੇਵਿੰਗਜ਼ ਅਕਾਊਂਟ ਖੋਲ੍ਹਿਆ ਜਾਵੇਗਾ ਤੇ ਕੈਨੇਡੀਅਨ ਮੌਰਗੇਜ ਹਾਊਜ਼ਿੰਗ ਕੌਰਪੋਰੇਸ਼ਨ ਇੰਸ਼ੋਰੈਂਸ ਦਰ ਵਿੱਚ 25% ਕਮੀ ਕੀਤੀ ਜਾਵੇਗੀ। ਉੱਧਰ ਕੰਜ਼ਰਵੇਟਿਵ ਪਾਰਟੀ ਨੇ ਵਾਅਦਾ ਕੀਤਾ ਹੈ ਕਿ ਜਿਸ ਕੰਪਨੀ ਦਾ ਦੀਵਾਲਾ ਨਿਕਲ ਜਾਵੇ ਉਸ ਕੰਪਨੀ ਦੇ ਮੁਲਾਜ਼ਮਾਂ ਦੀ ਪੈਂਨਸ਼ਨ ਯਕੀਨੀ ਬਣਾਈ ਜਾਵੇਗੀ।



ਸਾਲ 2009 ਵਿੱਚ ਦੀਵਾਲੀਆ ਹੋਈ ਇੱਕ ਕੰਪਨੀ ਦੇ 21000 ਮੁਲਾਜ਼ਮਾਂ ਨੂੰ ਪੈਂਨਸ਼ਨਾਂ ਵਾਸਤੇ ਲੰਬਾ ਸੰਘਰਸ਼ ਕਰਨ ਪਿਆ ਸੀ ਤੇ 7 ਸਾਲਾਂ ਬਾਦ 95% ਪੈਂਨਸ਼ਨਾਂ ਬਹਾਲ ਹੋ ਗਈਆਂ ਸਨ। ਹੁਣ ਟੋਰੀ ਪਾਰਟੀ ਨੇ ਵਾਅਦਾ ਕੀਤਾ ਹੈ ਕਿ ਸਰਕਾਰ ਬਣਨ ਦੀ ਸੂਰਤ ਵਿੱਚ ਅਜਿਹੀ ਹਾਲਤ ਪੈਦਾ ਨਹੀਂ ਹੋਵੇਗੀ। ਐਨਡੀਪੀ ਲੀਡਰ ਜਗਮੀਤ ਸਿੰਘ ਨੇ ਕਿਹਾ ਹੈ ਕਿ ਜੇ ਉਹਨਾਂ ਦੀ ਪਾਰਟੀ ਸਰਕਾਰ ਬਣਾਉਂਦੀ ਹੈ ਤਾਂ ਉਹ ਦੇਸ਼ ਭਰ ਵਿੱਚ ਬਜ਼ੁਰਗਾਂ ਦੀ ਦੇਖਭਾਲ ਵਾਸਤੇ ਕੇਅਰ ਫੈਸਿਲਿਟੀਜ਼ ਨੂੰ ਲਾਭ ਕਮਾਉਣ ਤੋਂ ਮੁਕਤ ਕਰਨਗੇ ਤੇ ਕੇਅਰ ਗਾਰੰਟੀ ਦਿੱਤੀ ਜਾਵੇਗੀ। ਉਹਨਾਂ ਕਿਹਾ ਇਸ ਪੈਨਡੈਮਿਕ ਦੌਰਾਨ ਬਜ਼ੁਰਗਾਂ ਨੂੰ ਸਭ ਤੋਂ ਵੱਡੀ ਕੀਮਤ ਤਾਰਨੀ ਪਈ ਹੈ ਤੇ ਉਹ ਦੇਸ਼ ਭਰ ਵਿੱਚ ਬਜ਼ੁਰਗਾਂ ਦੀਆਂ ਕੇਅਰ ਕਰਨ ਵਾਲੀਆਂ ਫੈਸਿਲਿਟੀਜ਼ ਨੂੰ ਸ੍ਰਿਪ ਡਾਲਰ ਕਮਾਉਣ ਵਾਲਾ ਬਿਜਨਿਸ ਨਹੀਂ ਬਣਨ ਦੇਣਗੇ ।

# ਕੈਲਗਰੀ ਐਡਮੰਟਨ ਬੱਸ ਸਰਵਿਸ ਨੂੰ ਅਲਬਰਟਾ ਦੀ ਟਰਾਂਸਪੋਰਟ ਮੰਤਰੀ ਰਾਜਨ ਸਾਹਨੀ ਨੇ ਵਿਖਾਈ ਹਰੀ ਝੰਡੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਗ੍ਰੇ-ਹਾਊਂਡ ਬੱਸ ਸਰਵਿਸ ਬੰਦ ਹੋ ਜਾਣ ਮਗਰੋਂ ਕੈਲਗਰੀ ਅਤੇ ਐਡਮੰਟਨ ਨੂੰ ਜੋੜਦੀ ਇੱਕ ਨਵੀਂ ਬੱਸ ਸਰਵਿਸ ਦੀ ਸ਼ੁਰੂਆਤ ਕੀਤੀ ਗਈ ਹੈ। ਕੈਨੇਡਾ ਬੱਸ ਕੰਪਨੀ ਵੱਲੋਂ ਇਸ ਹਫ਼ਤੇ ਇਹ ਬੱਸ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਦਾ ਰਸਮੀ ਉਦਘਾਟਨ ਸੂਬੇ ਦੀ ਟ੍ਰਾਂਸਪੋਰਟੇਸ਼ਨ ਮਨਿਸਟਰ ਰਾਜਨ ਸਾਹਨੀ ਨੇ ਹਰੀ ਝੰਡੀ ਵਿਖਾ ਕੇ ਕੀਤਾ। ਕੰਪਨੀ ਦੇ ਮਾਲਕ ਸਤੇਂਦਰ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਆਉਂਦੇ ਦਿਨੀ ਕੈਨਮੋਰ ਅਤੇ ਬੈਂਫ਼ ਵਾਸਤੇ ਵੀ ਸੇਵਾ ਸ਼ੁਰੂ ਕੀਤੇ ਜਾਣ ਦੀ ਯੋਜਨਾ ਹੈ। ਕੰਪਨੀ ਨੂੰ ਕੋਈ ਸਰਕਾਰੀ ਸਹਾਇਤਾ ਨਹੀਂ ਮਿਲੀ ਹੈ ਪਰ ਕੈਲਗਰੀ ਅਤੇ ਐਡਮੰਟਨ ਸਿਟੀਜ਼ ਵੱਲੋਂ ਇਸ ਬੱਸ ਲਈ ਯਾਤਰੀਆਂ ਨੂੰ ਚੜ੍ਹਾਉਣ ਤੇ ਉਤਾਰਣ ਵਾਸਤੇ ਆਪਣੇ ਸਟੇਸ਼ਨਾਂ ਦੀ ਵਰਤੋਂ ਦੀ ਇਜਾਜ਼ਤ ਦਿੱਤੀ ਗਈ ਹੈ। ਕੈਲਗਰੀ ਵਿੱਚ ਇਹ ਬੱਸ ਵਾਇਟਹੌਰਨ, ਡੈਲਹਾਉਜ਼ੀ ਅਤੇ ਬ੍ਰੈਂਟਵੁਡ ਤੋਂ ਹੁੰਦੀ ਹੋਈ ਐਡਮੰਟਨ ਵੱਲ ਜਾਵੇਗੀ ਤੇ ਐਡਮੰਟਨ ਵਿੱਚ ਕਿੰਗਜ਼ਵੇਅ ਅਤੇ ਸਾਊਥਗੇਟ ਸਟੇਸ਼ਨਾਂ 'ਤੇ ਰੁਕੇਗੀ। ਕੈਲਗਰੀ-ਐਡਮੰਟਨ ਦਾ ਇੱਕ ਪਾਸੇ ਦਾ ਕਿਰਾਇਆ 39 ਡਾਲਰ, ਅਤੇ ਰੈਡ ਡੀਅਰ ਲਈ 25 ਡਾਲਰ ਹੋਵੇਗਾ। 30 ਸਤੰਬਰ ਤੱਕ ਇਹ ਕਿਰਾਇਆ ਦਰ ਐਡਮੰਟਨ ਵਾਸਤੇ 29 ਡਾਲਰ ਰਹੇਗੀ। ਦੀ ਕਨੇਡਾ ਬੱਸ ਸਰਵਿਸ ਵੱਲੋਂ ਸ਼ੁਰੂ ਕੀਤੀ ਇਸ ਸੇਵਾ ਵਿੱਚ ਫਰੀ ਵਾਈ ਫਾਈ, ਫਰੀ ਪਾਣੀ ਦੀ ਸੇਵਾ, ਅਤੇ ਸੀਟਾਂ ਦੀ ਚੋਣ ਵੀ ਫਰੀ ਵਿੱਚ ਹੀ ਹੋਵੇਗੀ । ਟਿਕਟਾਂ ਦੀ ਬੁਕਿੰਗ ਲਈ 403 668 9600 ਉੱਪਰ ਸੰਪਰਕ ਕਰ ਸਕਦੇ ਹੋ ।


# ਫੈਡਰਲ ਸਰਕਾਰ ਦੀ ਮੰਤਰੀ ਤਾਲਿਬਾਨ ਨੂੰ ਆਪਣੇ ਭਰਾ ਕਹਿਕੇ ਕਸੂਤੀ ਫਸ ਗਈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਇਰਾਨੀ ਮੂਲ ਦੀ ਕੈਨੇਡੀਅਨ ਨਾਗਰਿਕ ਅਤੇ ਫੈਡਰਲ ਸਰਕਾਰ ਵਿੱਚ ਮਨਿਸਟਰ ਫੌਰ ਵਿਮੈਨ ਐਂਡ ਜੈਂਡਰ ਐਕੁਐਲਿਟੀ ਮਰੀਅਮ ਮੁਨਸਿਫ਼ ਵੱਲੋਂ ਤਾਲਿਬਾਨ ਨੂੰ 'ਆਪਣੇ ਭਰਾ' ਕਹਿਣ ਦਾ ਕਾਫੀ ਸੇਕ ਸਹਿਣਾ ਪੈ ਰਿਹਾ ਹੈ ਤਾਂ ਇਸ ਦਾ ਫੈਡਰਲ ਲਿਬਰਲ ਪਾਰਟੀ ਨੂੰ ਚੋਣਾਂ ਵਿੱਚ ਨੁਕਸਾਨ ਹੋਣ ਦਾ ਖ਼ਦਸ਼ਾ ਬਣ ਗਿਆ ਹੈ। ਅਫ਼ਗਾਨਿਸਤਾਨ ਵਿੱਚ ਤਾਲਿਬਾਨ ਵਿਰੁੱਧ ਲੜ ਕੇ ਵਾਪਸ ਪਰਤੇ ਸਾਬਕਾ ਫੌਜੀਆਂ ਨੇ ਮਨਿਸਟਰ ਮਰੀਅਮ ਮੁਸਨਿਫ਼ 'ਤੇ ਹਮਲਾਵਰ ਹੁੰਦਿਆਂ ਕਿਹਾ ਹੈ ਕਿ ਜਿਹਨਾਂ ਖਿਲਾਫ਼ ਲੜਦਿਆਂ 150 ਤੋਂ ਵੱਧ ਕੈਨੇਡੀਅਨਾਂ ਨੇ ਜਾਨਾਂ ਕੁਰਬਾਨ ਕਰ ਦਿੱਤੀਆਂ, ਉਹਨਾਂ ਨੂੰ ਆਪਣੇ ਭਰਾ ਕਹਿ ਕੇ ਵਡਿਆਉਣਾ ਕਦੀ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇੱਕ ਪਾਸੇ ਤਾਲਿਬਾਨ ਨੂੰ ਅਤਿਵਾਦੀ ਗਰੁੱਪ ਕਹਿ ਕੇ ਉਸ ਵਿਰੁੱਧ ਕਾਰਵਾਈਆਂ ਹੋ ਰਹੀਆਂ ਹਨ ਤੇ ਕੈਨੇਡੀਅਨ ਮਨਿਸਟਰ ਦਾ ਉਸੇ ਗਰੁੱਪ ਨੂੰ ਭਰਾ ਕਹਿ ਕੇ ਸੰਬੋਧਨ ਕਰਨਾ ਕੈਨੇਡੀਅਨ ਕਾਰਵਾਈ ਨੂੰ ਗ਼ਲਤ ਸਾਬਤ ਕਰਦਾ ਹੈ। ਮਨਿਸਟਰ ਮੁਨਸਿਫ਼ ਦਾ ਕਹਿਣਾ ਹੈ ਕਿ ਉਹਨਾਂ ਨੇ ਸੱਭਿਆਚਾਰਕ ਤੌਰ 'ਤੇ ਉਹਨਾਂ ਨੂੰ ਭਰਾ ਕਿਹਾ ਸੀ ਤੇ ਇਸ ਦਾ ਮਤਲਬ ਉਹਨਾਂ ਨੂੰ ਕੋਈ ਛੋਟ ਦੇਣਾ ਨਹੀਂ ਹੈ। ਵਿਰੋਧੀ ਧਿਰਾਂ ਵੱਲੋਂ ਲਿਬਰਲ ਪਾਰਟੀ ਨੂੰ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



# ਅਲਬਰਟਾ ਸੂਬੇ ਅੰਦਰ ਹੁਣ ਬੀਬਾ ਪ੍ਰੋ: ਟੇਰੀ ਬ੍ਰਾਇਐਂਟ ਬੰਦੂਕਾਂ ਪਿਸਤੌਲਾਂ ਵਾਲਿਆਂ ਦਾ ਖਿਆਲ ਰੱਖੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੁਨਿਵਰਸਿਟੀ ਔਫ ਕੈਲਗਰੀ ਦੇ ਹਸਕੇਅਨ ਸਕੂਲ ਔਫ ਬਿਜ਼ਨਿਸ ਦੀ ਐਸਿਸਟੈਂਟ ਪ੍ਰੋਫੈਸਰ ਡਾ. ਟੇਰੀ ਬ੍ਰਾਇਐਂਟ ਨੂੰ ਐਲਬਰਟਾ ਦੀ ਪਹਿਲੀ ਫਾਇਰ-ਆਰਮ ਚੀਫ਼ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਹ ਐਲਬਰਟਾ ਫਾਇਰ-ਆਰਮਜ਼ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਸਨ ਤੇ ਐਲਬਰਟਾ ਆਰਮਜ਼ ਐਂਡ ਕਾਰਟਰਿਜ ਕੁਲੈਕਟਰਜ਼ ਐਸੋਸਿਏਸ਼ਨ ਦੇ ਸੈਕ੍ਰੇਟਰੀ ਵੀ ਸਨ। ਐਲਬਰਟਾ ਸਰਕਾਰ ਵੱਲੋਂ ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਪਬਲਿਕ ਸੇਫ਼ਟੀ ਅਤੇ ਫਾਇਰ ਆਰਮਜ਼ ਰੱਖਣ ਵਾਲੀ ਕਮਿਉਨਿਟੀ ਦੀ ਸੇਫ਼ਟੀ ਵਾਸਤੇ ਡਾ. ਬ੍ਰਾਇਐਂਟ ਦੀ ਨਵੀਂ ਭੂਮਿਕਾ ਕਾਫੀ ਮਹੱਤਵਪੂਰਨ ਹੋਵੇਗੀ। ਫੇਅਰ ਡੀਲ ਪੈਨਲ ਨੇ ਆਪਣੀਆਂ ਸਿਫਾਰਿਸ਼ਾਂ ਵਿੱਚ ਕਿਹਾ ਸੀ ਸੂਬੇ ਕੋਲ ਆਪਣਾ ਫਾਇਰ ਆਰਮਜ਼ ਸੇਫ਼ਟੀ ਅਫਸਰ ਹੋਣਾ ਚਾਹੀਦਾ ਹੈ ਤੇ ਸਰਕਾਰ ਨੇ ਉਸ ਫੈਸਲੇ 'ਤੇ ਅਮਲ ਕਰਦਿਆਂ ਚੀਫ਼ ਫਾਇਰ ਆਰਮਜ਼ ਅਫਸਰ ਨਿਯੁਕਤ ਕੀਤਾ ਹੈ। ਦੇਸ਼ ਵਿੱਚ ਫਾਇਰ ਆਰਮਜ਼, ਫੈਡਰਲੀ ਰੈਗੁਲੇਟ ਹੁੰਦੇ ਹਨ ਪਰ ਐਲਬਰਟਾ ਨੇ ਆਪਣਾ ਸੂਬਾਈ ਸੀ.ਐਫ.?. ਨਿਯੁਕਤ ਕਰਕੇ ਐਲਬਰਟਾ ਵਿੱਚ ਫਾਇਰ-ਆਰਮਜ਼ ਦੀ ਵਿਕਰੀ-ਖ਼ਰੀਦਦਾਰੀ, ਵਰਤੋਂ ਤੇ ਮਾਲਕੀ ਨੂੰ ਰੈਗੁਲੇਟ ਕਰਨ ਦਾ ਫੈਸਲਾ ਕੀਤਾ ਹੈ।



## ਜੇ ਦੋਵੇਂ ਟੀਕੇ ਲੱਗੇ ਹਨ ਤਾਂ ਹੀ ਅੰਦਰ ਵੜ੍ਹ ਸਕੋਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੂਬੇ ਵਿੱਚ ਕੋਵਿਡ ਕੇਸਾਂ ਦੀ ਗਿਣਤੀ ਵਧੇ ਜਾਣ ਦੇ ਦਰਮਿਆਨ ਕੈਲਗਰੀ ਦੇ ਮੈਕ-ਮੇਹੌਨ ਸਟੇਡੀਅਮ ਅਤੇ ਸਕੋਸ਼ੀਆ ਬੈਂਕ ਸੈਡਲਡੋਮ ਵਿੱਚ ਆਉਣ ਵਾਲੇ ਸਾਰੇ ਵਿਅਕਤੀਆਂ ਲਈ ਵੈਕਸਿਨ ਲੱਗੇ ਹੋਣ ਦੀ ਸ਼ਰਤ ਲਗਾ ਦਿੱਤੀ ਹੈ। ਕੈਲਗਰੀ ਸਪੋਰਟਸ ਐਂਡ ਐਂਟਰਟੇਨਮੈਂਟ ਕੌਰਪੋਰੇਸ਼ਨ ਦਾ ਕਹਿਣਾ ਹੈ ਕਿ ਸਾਰੇ ਸਪੋਰਟਸ ਫੈਨਜ਼, ਇਵੈਂਟ ਸਟਾਫ਼ ਤੇ ਕਰਮਚਾਰੀਆਂ ਨੂੰ ਵੈਕਸਿਨ ਲਾਜ਼ਿਮ ਤੌਰ 'ਤੇ ਹਾਸਲ ਕਰਨ ਨੂੰ ਕਹਿ ਦਿੱਤਾ ਹੈ। ਇਹ ਫੈਸਲਾ 15 ਸਤੰਬਰ ਤੋਂ ਲਾਗੂ ਹੋਵੇਗਾ। ਆਉਂਦੇ ਦਿਨਾਂ ਵਿੱਚ ਇਸ ਸੰਬੰਧੀ ਹੋਰ ਜਾਣਕਾਰੀ ਰਿਲੀਜ਼ ਕੀਤੀ ਜਾਵੇਗੀ।

# ਦਰਦ ਕਹਿਣ ਦਰਵੇਸ਼...



ਡਾ. ਅਮਰ ਕੋਮਲ
ਮੋ: 84378-73565

ਲੇਖਕ: ਸ਼ਿਵਚਰਨ ਜੱਗੀ ਕੁੱਸਾ
ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ, ਲੁਧਿਆਣਾ
ਮੁੱਲ: 150 ਰੁਪਏ, ਸਫ਼ੇ: 120
ਸੰਪਰਕ: 0161-2740738

ਸ਼ਿਵਚਰਨ ਜੱਗੀ ਕੁੱਸਾ ਪ੍ਰਵਾਸੀ ਪੰਜਾਬੀ 21ਵੀਂ ਸਦੀ ਦੇ ਪੰਜਾਬੀ ਨਾਵਲ ਲਿਖਣ ਵਾਲਿਆਂ ਲੇਖਕਾਂ ਵਿੱਚ ਚਰਚਿਤ ਨਾਂਅ ਹੈ, ਜਿਸ ਨੇ ਪੰਜਾਬੀ ਗਲਪਕਾਰਾਂ ਵਿੱਚ ਪਿਛਲੇ ਦਹਾਕਿਆਂ ਵਿੱਚ 21 ਨਾਵਲ, 5 ਕਹਾਣੀ-ਸੰਗ੍ਰਹਿ, 2 ਵਿਅੰਗ-ਸੰਗ੍ਰਹਿ, ਇੱਕ ਕਾਵਿ-ਸੰਗ੍ਰਹਿ ਅਤੇ ਇੱਕ ਲੇਖ-ਸੰਗ੍ਰਹਿ ਪ੍ਰਕਾਸ਼ਿਤ ਕਰਵਾਏ ਹਨ। ਸ਼ਿਵਚਰਨ ਜੱਗੀ ਕੁੱਸਾ ਭਾਵੇਂ ਪ੍ਰਵਾਸੀ ਹੈ, ਪਰ ਪੰਜਾਬ, ਪੰਜਾਬੀ, ਪੰਜਾਬੀਅਤ ਉਸ ਦੇ ਆਤਮ-ਅਨਾਤਮ ਜਗਤ ਦਾ ਨਰੋਆ ਅੰਗ ਹੈ। ਦਰਦ ਕਹਿਣ ਦਰਵੇਸ਼ ਨਾਵਲ ਦਾ ਵਿਸ਼ਾ-ਵਸਤੂ, ਪਟਕਥਾ, ਵਾਤਾਵਰਨ, ਪਿਛੋਕੜ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਪੰਜਾਬ ਦੇ ਲੋਕ ਜੀਵਨ ਵਿੱਚ ਆਈਆਂ ਆਰਥਿਕ, ਸਮਾਜਿਕ, ਸੱਭਿਆਚਾਰਕ ਤਬਦੀਲੀਆਂ ਕਾਰਨ ਅਤੇ ਬੇਰੁਜ਼ਗਾਰੀ ਵਧਣ ਦੇ ਫਲਸਰੂਪ ਵਿਦੇਸ਼ਾਂ ਵਿੱਚ ਦੌੜਨ ਦੀ ਹੋੜ ਲੱਗ ਗਈ ਹੈ। ਪੜ੍ਹੇ-ਲਿਖੇ ਲੋਕ ਤਾਂ ਜਾਂਦੇ ਹੀ ਹਨ, ਪੰਜਾਬ ਦੇ ਅਨਪੜ੍ਹ ਤੇ ਘੱਟ ਪੜ੍ਹੇ-ਲਿਖੇ ਮਰਦ ਔਰਤਾਂ ਵੀ ਦੜ ਵੱਟ ਔਖੇ-ਸੌਖੇ ਪੈਸਿਆਂ ਦਾ ਜੁਗਾੜ ਕਰ ਜਾਣ ਲੱਗੇ ਹਨ, ਜਿਸ ਦੇ ਫਲਸਰੂਪ ਵਿਦੇਸ਼ਾਂ ਵਿੱਚ ਭੇਜਣ ਵਾਲੇ ਧੋਖੇਬਾਜ਼ ਏਜੰਟ ਅਤੇ ਪ੍ਰਵਾਸੀ ਮੁਲਕਾਂ ਦੇ ਲੁਟੇਰੇ ਏਜੰਟ ਉਨ੍ਹਾਂ ਨੂੰ ਲੁੱਟ ਕੇ ਉਨ੍ਹਾਂ ਤੋਂ ਗੁਲਾਮੀ ਕਰਵਾਉਂਦੇ ਹਨ। ਇਸ ਨਾਵਲ ਦੀਆਂ ਤਿੰਨ ਕਥਾਵਾਂ ਪੰਜਾਬ ਅਤੇ ਪ੍ਰਵਾਸੀ ਮੁਲਕਾਂ ਨਾਲ ਸਬੰਧ ਰੱਖਦੀਆਂ ਹਨ। ਪਰ ਇਨ੍ਹਾਂ ਤਿੰਨਾਂ ਕਹਾਣੀਆਂ ਦੇ ਰਿਸ਼ਤੇ ਪ੍ਰਵਾਸੀ ਪਰਿਵਾਰਾਂ ਨਾਲ ਜਾ ਜੁੜਦੇ ਹਨ।

ਜਿਵੇਂ ਪਹਿਲੀ ਕਹਾਣੀ ਪਿੰਡ ਦੇ ਸਾਧਾਰਨ ਕਿਰਸਾਨ ਬਲਬੀਰ ਸਿੰਘ ਤੇ ਉਸ ਦੇ ਪਰਿਵਾਰ ਦੀ ਹੈ, ਜਿਸ ਨੂੰ ਖੇਤਾਂ ਵਿੱਚ ਇੱਕ ਲਾਵਾਰਸ ਨਵਜੰਮੀ ਕੁੜੀ ਮਿਲ ਜਾਂਦੀ ਹੈ, ਜੋ ਘਰੇ ਲਿਆ ਕੇ ਪਾਲਦਾ, ਪੜ੍ਹਾਉਂਦਾ ਹੈ ਤੇ ਜਿਸ ਦਾ ਨਾਂਅ ਰਮਣੀਕ ਕੌਰ ਰੱਖਿਆ ਗਿਆ। ਇਸ ਪਰਿਵਾਰ ਦਾ ਸਬੰਧ ਜਰਮਨੀ ਵਿਚ ਰਹਿੰਦੇ ਇਕ ਕਾਰੋਬਾਰੀ ਪਰਿਵਾਰ ਨਾਲ ਜਾ ਜੁੜਦਾ ਹੈ, ਜਿਥੇ ਰਮਣੀਕ ਕੌਰ ਤੇ ਪਰਿਵਾਰ ਜਾ ਸੈਟਲ ਹੁੰਦੇ ਹਨ, ਦੂਜੀ ਕਹਾਣੀ ਭੋਲੀ ਅਤੇ ਕਰਮੇ ਦੀ ਹੈ, ਜਿੰਨ੍ਹਾਂ ਦਾ ਸਬੰਧ ਪੰਜਾਬ ਦੇ ਕਿਰਤੀ ਵਰਗ ਪਰਿਵਾਰ ਨਾਲ ਹੈ। ਦੋਵੇਂ ਅਨਪੜ੍ਹ ਗ਼ਰੀਬ ਅਤੇ ਪੰਜਾਬ ਦੇ ਕਾਮਾ ਨਿਮਨ ਵਰਗ ਨਾਲ ਸਬੰਧਿਤ ਹਨ। ਇਸ ਪਰਿਵਾਰ ਦੀ ਭੋਲੀ ਨਾਂਅ ਦੀ ਅਨਪੜ੍ਹ ਔਰਤ ਨੂੰ ਬਾਹਰਲੇ ਮੁਸਲਮਾਨ ਦੇਸ਼ਾਂ ਵਿੱਚ ਪ੍ਰਵਾਸ ਕਰਕੇ ਪੈਸੇ ਕਮਾਉਣ ਦੀ ਹੋੜ ਲੱਗ ਜਾਂਦੀ ਹੈ। ਲੱਖਾਂ ਰੁਪਏ ਉਧਾਰੇ ਲੈ ਕੇ ਉਹ ਪਾਸਪੋਰਟ ਬਣਾਉਣ ਵਿੱਚ ਸਫਲ ਹੋ ਜਾਂਦੀ ਹੈ, ਪਰ ਏਜੰਟਾਂ ਦੇ ਵੱਸ ਪੈ ਕੇ ਉਹ ਦੁਖਾਂਤ ਝੱਲਦੀ ਹੈ।




ਤੀਜੀ ਕਹਾਣੀ ਰਮਣੀਕ ਅਤੇ ਜ਼ਿੰਮੀ ਦੇ ਵਿਆਹ ਹੋਣ ਪਿੱਛੋਂ ਰਮਣੀਕ ਦੇ ਬੱਚਾ ਨਾ ਹੋਣ 'ਤੇ ਬਿਗਾਨੀ ਔਰਤ ਦੇ ਗਰਭ ਰਾਹੀਂ ਬੱਚਾ ਪ੍ਰਾਪਤ ਕਰਨ ਨਾਲ ਸਬੰਧਿਤ ਹੈ, ਜਿਸ ਦਾ ਅੰਤ ਦੁਖਾਂਤਕ ਹੈ।

ਇਸ ਨਾਵਲ ਦੀਆਂ ਤਿੰਨੇ ਕਹਾਣੀਆਂ ਦੀ ਵਿਉਂਤ ਬਣਤਰ, ਪੇਸ਼ਕਾਰੀ ਅਤੇ ਵਿਧੀ-ਵਿਧਾਨ, ਸੁਭਾਵਿਕ, ਕੁਦਰਤੀ, ਰੌਚਿਕ ਸੰਵੇਦਨਾਵਾਂ ਨਾਲ ਭਰਪੂਰ ਹੈ। ਕਥਾਕਾਰ ਨੇ ਕਥਨ ਵਿਧੀ ਨਾਲ ਕਹਾਣੀਆਂ ਨੂੰ ਪੇਸ਼ ਕਰਨ ਸਮੇਂ ਜਿੰਨ੍ਹਾਂ ਪਾਤਰਾਂ ਦੀ ਸਿਰਜਣਾ ਕੀਤੀ ਹੈ, ਉਹ ਜਿਊਂਦੇ-ਜਾਗਦੇ ਯਥਾਰਥਕ ਜੀਵਨ ਜਿਉਂਦੇ ਦੁੱਖ-ਸੁੱਖ ਹੰਢਾਉਂਦੇ ਪਾਤਰ ਹਨ। ਤਿੰਨੇ ਕਹਾਣੀਆਂ ਦੇ ਇਹ ਪਾਤਰ ਕਲਪਿਤ ਨਾ ਹੋ ਕੇ ਜ਼ਿੰਦਗੀ ਹੰਢਾਉਂਦੇ ਦੁੱਖ-ਸੁੱਖ ਭੋਗਦੇ, ਵਾਤਾਵਰਨ ਸਮਾਜਿਕ ਸਥਿਤੀਆਂ ਪ੍ਰਸਥਿਤੀਆਂ ਵਿਚ ਕਥਾਨਕ ਪ੍ਰਸੰਗਾਂ ਨੂੰ ਅੱਗੇ ਵਧਾਉਂਦੇ ਨਾਵਲ ਦੀ ਸੰਰਚਨਾ ਵਿੱਚ ਯੋਗਦਾਨ ਪਾਉਂਦੇ ਹਨ। ਜਿਵੇਂ ਭੋਲੀ ਅਤੇ ਕਰਮਾ, ਜਿਉਂਦੇ-ਜਾਗਦੇ ਚਲਦੇ-ਫਿਰਦੇ ਅਜਿਹੇ ਪਾਤਰ ਪਿੰਡਾਂ ਵਿੱਚ ਆਮ ਮਿਲ ਜਾਂਦੇ ਹਨ। ਭੋਲੀ ਤੇ ਕਰਮੇ ਦੀ ਜੋੜੀ ਉਨ੍ਹਾਂ ਦੇ ਘਰ ਦੀ ਮਾਲੀ ਹਾਲਤ, ਗਊ-ਵੱਛੇ ਨਾਲ ਹੋਏ ਮੋਹ ਦੀ ਸੰਵੇਦਨਾ-ਵੇਦਨਾ, ਭੋਲੀ ਤੇ ਕਰਮੇ ਦਾ ਆਪਸੀ ਪਿਆਰ, ਵਿਛੋੜੇ ਦਾ ਦਰਦ ਨਾਵਲਕਾਰ ਦੀ ਕਥਾ ਸਿਰਜਣਾ ਦੇ ਕਲਾਤਮਿਕ ਗੁਣ ਹਨ। ਇਹ ਨਾਵਲ ਦੀਆਂ ਤਿੰਨੇ ਕਹਾਣੀਆਂ ਦੀ ਸਿਰਜਣਾ ਨਿਭਾਅ ਅਤੇ ਪੇਸ਼ਕਾਰੀ ਸਹੀ ਸਿਰਜਣ ਪ੍ਰਕਿਰਿਆ ਹੈ, ਜਿਸ ਨੂੰ ਪੜ੍ਹ ਕੇ ਨਾਨਕ ਸਿੰਘ ਦੇ ਨਾਵਲ ਯਾਦ ਆ ਜਾਂਦੇ ਹਨ। ਨਾਵਲਕਾਰ ਵਧਾਈ ਦਾ ਹੱਕਦਾਰ ਹੈ।

# ਤਾਲਿਬਾਨ ਬੁਲਾਰੇ ਅਨੁਸਾਰ ਹੁਣ ਉਹ ਅਫ਼ਗਾਨ ਲੋਕਾਂ ਨੂੰ ਕਾਬੁਲ ਏਅਰਪੋਰਟ ਵੱਲ ਜਾਣ ਦੀ ਇਜਾਜ਼ਤ ਨਹੀਂ ਦੇਣਗੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਤਾਲਿਬਾਨ ਦੇ ਬੁਲਾਰੇ ਜ਼ਬੀਉੱਲ੍ਹਾ ਮੁਜਾਹਿਦ ਨੇ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਬਦਲਾ ਲੈਣ ਲਈ ਲੋਕਾਂ ਦੀ ਕੋਈ ਸੂਚੀ ਨਹੀਂ ਬਣਾਈ ਗਈ ਹੈ ਅਤੇ ਪਿੱਛੇ ਜੋ ਹੋਇਆ ਉਸ ਨੂੰ ਉਹ ਭੁੱਲ ਗਏ ਹਨ। ਤਾਲਿਬਾਨ ਦਾ ਇਹ ਦਾਅਵਾ ਉਨ੍ਹਾਂ ਰਿਪੋਰਟਾਂ ਵਿਚਾਲੇ ਆਇਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਤਾਲਿਬਾਨ ਫਾਂਸੀ ਦੀ ਸਜ਼ਾ ਦੇ ਰਹੇ ਹਨ। ਇਸ ਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਮਿਸ਼ੈੱਲ ਬੈਕੇਲਟ ਨੇ ਭਰੋਸੇਯੋਗ ਰਿਪੋਰਟ ਕਿਹਾ ਹੈ। ਮਿਸ਼ੈੱਲ ਬੈਕੇਲਟ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨੂੰ ਦੱਸਿਆ ਕਿ ਔਰਤਾਂ 'ਤੇ ਪਾਬੰਦੀ ਅਤੇ ਬਾਲ ਸੈਨਿਕਾਂ ਦੀ ਭਰਤੀ ਸਣੇ ਹੋਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸੂਚੀ ਵੀ ਮਿਲੀ ਹੈ। ਲਗਪਗ 10 ਦਿਨ ਪਹਿਲਾਂ ਦੇਸ਼ ਵਿੱਚ ਮੁੜ ਕਬਜ਼ਾ ਕਰਨ ਤੋਂ ਬਾਅਦ ਕੱਟੜਪੰਥੀਆਂ ਨੇ ਸੰਜਮ ਵਾਲਾ ਅਕਸ ਘੜ੍ਹਨ ਦੀ ਕੋਸ਼ਿਸ਼ ਕੀਤੀ ਹੈ ਤੇ ਔਰਤਾਂ ਅਤੇ ਕੁੜੀਆਂ ਨੂੰ ਬੋਲਣ ਦੇ ਅਧਿਕਾਰ ਦੇਣ ਬਾਰੇ ਗੱਲ ਆਖੀ ਹੈ ਪਰ ਇਨ੍ਹਾਂ ਦਾਅਵਿਆਂ 'ਤੇ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ। ਤਾਲਿਬਾਨ ਦੇ ਬੁਲਾਰੇ ਜ਼ਬੀਉੱਲਾਹ ਮੁਜਾਹਿਦ ਦਾ ਕਹਿਣਾ ਹੈ ਕਿ ਤਾਲਿਬਾਨ ਹੁਣ ਅਫ਼ਗਾਨ ਲੋਕਾਂ ਨੂੰ ਕਾਬੁਲ ਏਅਰਪੋਰਟ ਵੱਲ ਜਾਣ ਦੀ ਇਜਾਜ਼ਤ ਨਹੀਂ ਦੇਵੇਗਾ ਕਿਉਂਕਿ ਉਥੇ ਅਰਾਜਕਤਾ ਦੇ ਹਾਲਾਤ ਹਨ। ਉਨ੍ਹਾਂ ਨੇ ਕਿਹਾ ਕਿ ਹਵਾਈ ਅੱਡੇ 'ਤੇ ਇਕੱਠੀ ਭੀੜ ਨੂੰ ਘਰ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਉੱਧਰ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਹੈ ਕਿ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਕਾਬਜ਼ ਹੋਣ ਤੋਂ ਬਾਅਦ ਇਹ ਜ਼ਰੂਰੀ ਹੈ ਕਿ ਇਸਲਾਮੀ ਅੱਤਵਾਦੀਆਂ ਨੂੰ ਦੂਰ ਰੱਖਿਆ ਜਾਵੇ।

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
• Insulation
• Drywall
• Taping
• Texturing
• Blow Insulation
Products of Services:
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ•
ਡਰਾਈਵਾਲ•
ਟੇਪਿੰਗ•
ਬਲੋ ਇੰਸੂਲੇਸ਼ਨ•
ਟੈਕਸਚਰਿੰਗ•
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

# ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਜੌਰਜ ਚਾਹਲ ਦੇ ਹੱਕ 'ਚ ਚੋਣ ਪ੍ਰਚਾਰ ਕਰਨ ਲਈ ਕੈਲਗਰੀ ਆਏ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲਿਬਰਲ ਸਰਕਾਰ ਨੇ ਕੋਰੋਨਾ ਦੇ ਦੌਰ 'ਚ ਜਿੰਨੀ ਆਰਥਿਕ ਮੱਦਦ ਹਰ ਵਰਗ ਦੀ ਕੀਤੀ ਹੈ ਇਹ ਸ਼ਾਇਦ ਹੀ ਕਿਸੇ ਦੇਸ਼ ਦੀ ਸਰਕਾਰ ਨੇ ਇੰਨੀ ਕੀਤੀ ਹੋਵੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਨੇ ਕੀਤਾ। ਕੈਲਗਰੀ ਸਕਾਈਵਿਊ ਤੋਂ ਲਿਬਰਲ ਪਾਰਟੀ ਵੱਲੋਂ ਮੈਂਬਰ ਪਾਰਲੀਮੈਂਟ ਦੀ ਚੋਣ ਲੜ ਰਹੇ ਜੌਰਜ ਚਾਹਲ ਦੇ ਹੱਕ 'ਚ ਪ੍ਰਚਾਰ ਕਰਨ ਲਈ ਸਰੀ ਤੋਂ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੰਜਾਬੀ ਅਖ਼ਬਾਰ ਅਤੇ ਪਰਾਈਮ ਏਸੀਆ ਟੀਵੀ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਕੈਨੇਡਾ 'ਚ ਸਭ ਤੋਂ ਪਹਿਲਾਂ ਅਗਰ ਮੈਂ ਕਿਸੇ ਸ਼ਹਿਰ 'ਚ ਪਹੁੰਚਿਆ ਸੀ ਤਾਂ ਉਹ ਕੈਲਗਰੀ ਹੀ ਸੀ, ਕੈਲਗਰੀ 'ਚ ਹੀ ਮੈਂ ਆਪਣਾ ਜੀਵਨ ਇੱਕ ਕੈਨੇਡੀਅਨ ਵੱਜੋਂ ਸ਼ੁਰੂ ਕੀਤਾ ਸੀ, ਇਸ ਦੌਰਾਨ ਉਹ ਆਪਣੇ ਬਹੁਤ ਸਾਰੇ ਪੁਰਾਣੇ ਦੋਸਤਾਂ ਨੂੰ ਵੀ ਮਿਲੇ। ਉਨ੍ਹਾਂ ਆਪਣੀ ਪਾਰਟੀ ਦੀਆਂ ਪ੍ਰਾਪਤੀਆਂ ਬਾਰੇ ਕਿਹਾ ਕਿ ਕੋਰੋਨਾ ਦਾ ਦੌਰ ਬਹੁਤ ਔਖਾ ਸੀ ਜਿਸ 'ਚ ਸਾਡੀ ਲੀਡਰਸ਼ਿਪ ਦੀ ਪਰਖ ਹੋਈ ਤੇ ਅਸੀਂ ਉਸ ਪਰਖ 'ਚ ਜੇਤੂ ਸਾਬਤ ਹੋਏ, ਸਾਡੀ ਲੀਡਰਸ਼ਿਪ ਨੇ ਦੇਸ਼ ਦੇ ਹਰ ਨਾਗਰਿਕ ਨੂੰ ਇਸ ਬੁਰੇ ਦੌਰ 'ਚ ਬਾਹਰ ਕੱਢਿਆ, ਲੀਡਰਸ਼ਿਪ ਨੇ ਲੋਕਾਂ ਦਾ ਰੁਜ਼ਗਾਰ ਬਚਾਇਆ, ਲੋਕਾਂ ਨੂੰ ਸਿਹਤ ਸਹੂਲਤਾਂ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਤੇ ਛੋਟੇ-ਵੱਡੇ ਕਾਰੋਬਾਰਾਂ ਨੂੰ ਆਰਥਿਕ ਮਦਦ ਦਿੱਤੀ ਗਈ ਤਾਂ ਜੋ ਉਹ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹ ਤੇ ਕਾਰੋਬਾਰ ਦੇ ਮੁੱਢਲੇ ਖ਼ਰਚੇ ਜਾਰੀ ਰੱਖ ਸਕਣ। ਉਨ੍ਹਾਂ ਕੈਲਗਰੀ ਵਾਸੀਆਂ ਨੂੰ ਅਪੀਲ ਕੀਤੀ ਕਿ ਕੈਨੇਡਾ ਦੀ ਹੋਰ ਤਰੱਕੀ ਲਈ ਲਿਬਰਲ ਦਾ ਮੁੜ ਸਰਕਾਰ 'ਚ ਰਹਿਣਾ ਬਹੁਤ ਜ਼ਰੂਰੀ ਹੈ। ਜੌਰਜ ਚਾਹਲ ਨੇ ਜਿੱਥੇ ਸੁੱਖ ਧਾਲੀਵਾਲ ਦਾ ਕੈਲਗਰੀ ਪਹੁੰਚਣ 'ਤੇ ਧੰਨਵਾਦ ਕੀਤਾ ਉੱਥੇ ਹੀ ਕੈਲਗਰੀ ਦੀਆਂ ਸ਼ਾਮਲ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਵੀ ਧੰਨਵਾਦ ਕੀਤਾ।

# ਅਲਬਰਟਾ ਕੱਪ 2021 ਕੈਲਗਰੀ ਵਿਖੇ 3,4 ਅਤੇ 5 ਸਤੰਬਰ 2021 ਨੂੰ ਹੋਵੇਗਾ

## ਮੈਚ ਦੇਖਣ ਆਓਗੇ ਤਾਂ ਲੱਕੀ ਡਰਾਅ ਵਿੱਚ 500 ਡਾਲਰ , ਟੀ ਵੀ ਤੇ ਇੰਡੀਆ ਦੀ ਟਿਕਟ ਜਿੱਤ ਸਕੋਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਨਾਈਟਿਡ ਐਫ ਐਚ ਸੀ ਕੈਲਗਰੀ ਅਤੇ ਪਰਮਜੀਤ ਪਲਾਹਾ ਵੱਲੋਂ ਕਰਵਾਏ ਜਾ ਰਹੇ ਪੰਜਵੇਂ ਫੀਲਡ ਹਾਕੀ ਟੂਰਨਾਮੈਂਟ ਦੀਆ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਅਲਬਰਟਾ ਕੱਪ ਦੇ ਮੁੱਖ ਪ੍ਰਬੰਧਕ ਮਨਦੀਪ ਝੱਲੀ ਤੇ ਕਿਰਪਾਲ ਸਿੱਧੂ ਨੇ ਦੱਸਿਆ ਕਿ 3 ,4 ਅਤੇ 5 ਸਤੰਬਰ ਨੂੰ ਜੈਨਸਿਸ ਸੈਂਟਰ ਵਿੱਚ ਕਰਵਾਏ ਜਾਣ ਵਾਲੇ ਅਲਬਰਟਾ ਕੱਪ ਵਿੱਚ ਪੂਰੇ ਕਨੇਡਾ ਤੇ ਯੂ ਐਸ ਏ ਤੋ ਟੀਮਾਂ ਪਹੁੰਚ ਰਹੀਆਂ ਹਨ। ਜੂਨੀਅਰ , ਮਰਦਾਂ ਤੇ ਔਰਤਾਂ ਦੇ ਫੀਲਡ ਹਾਕੀ ਦੇ ਰੋਮਾਂਚਿਕ ਮੁਕਾਬਲੇ ਹੋਣਗੇ। ਪ੍ਰਧਾਨ ਯਾਦਵਿੰਦਰ ਜਾਦੂ ਦੇ ਦੱਸਣ ਅਨੁਸਾਰ ਇਸ ਤਿੰਨ ਦਿਨਾਂ ਹਾਕੀ ਫੈਸਟੀਵਲ ਨੂਮ ਨੇਪਰੇ ਚਾੜਨ ਲਈ ਪਾਲੀ ਵਿਰਕ ,ਭੁਪਿੰਦਰ ਗਿੱਲ ,ਅਵਤਾਰ ਉੱਪਲ,ਅਮਨ ਵਿਰਕ ਦਾ ਵੱਡਾ ਸਹਿਯੋਗ ਹੈ। ਪੰਮਾਂ ਗਰੇਵਾਲ ਵੱਲੋਂ ਸਪਾਂਸਰ ਕੀਤੇ ਲੱਕੀ ਡਰਾਅ ਵਿੱਚ ਐਤਵਾਰ ਨੂੰ ਇੰਡੀਆ ਦੀ ਟਿਕਟ,ਮਾਰਗੇਜ ਅਤੇ ਰੀਅਲ ਅਸਟੇਟ ਦੇ ਖੇਤਰ ਵਿੱਚ ਵੱਡਾ ਨਾਂ ਜੀ ਐਸ ਮਾਨ ਵੱਲੋਂ 65" ਟੀ ਵੀ ਅਤੇ ਜਸਕੀਰਤ ਬਰਾੜ ਵੱਲੋਂ 500 ਡਾਲਰ ਦੇ ਕੂਪਨ ਤੇ ਹੋਰ ਇਨਾਮ ਕੱਢੇ ਜਾਣਗੇ। ਅਲਬਰਟਾ ਕੱਪ ਦੀ ਪ੍ਰਬੰਧਕ ਕਮੇਟੀ ਮੈਂਬਰ ਕੰਵਲ ਢਿੱਲੋ ,ਕੁਲਵੰਤ ਬਰਾੜ , ਗੁਰਵਿੰਦਰ ਰੰਧਾਵਾ,ਤਨਵੀਰ ਕੰਗ,ਬੱਬੀ ਬਰਾੜ ,ਗੋਰਾ ਪਿੰਦਰ ਦਿਉਲ ਤੇ ਸੁਰਿੰਦਰ ਅਤੇ ਉਹਨਾਂ ਦੇ ਹੋਰ ਸਹਿਯੋਗੀ ਪੂਰੇ ਜੋਸ਼ੋ ਖ਼ਰੋਸ ਨਾਲ ਅਲਬਰਟਾ ਕੱਪ ਦੀਆਂ ਤਿਆਰੀਆਂ ਵਿੱਚ ਲੱਗੇ ਹੋਏ ਹਨ। ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਗਿੱਲ ਹਰਦੀਪ,ਹਰਭਜਨ ਮਾਨ ਅਤੇ ਗੀਤਕਾਰ ਮੱਖਣ ਬਰਾੜ ਵੀ ਇਸ ਟੂਰਨਾਮੈਂਟ ਦੇ ਪੋਸਟਰ ਰਿਲੀਝ ਸਮਾਰੋਹਾਂ ਵਿੱਚ ਸਾਮਿਲ ਰਹੇ ।

# ਐਨਡੀਪੀ ਸਰਕਾਰ ਬਣਨ 'ਤੇ ਤਜਵੀਜ਼ਸ਼ੁਦਾ ਦਵਾਈਆਂ ਮੁਫ਼ਤ ਮਿਲਣਗੀਆਂ-ਜਗਮੀਤ ਸਿੰਘ

## 20,000 ਡਾਲਰ ਤੱਕ ਦੇ ਵਿਦਿਆਰਥੀ ਕਰਜ਼ੇ ਮੁਆਫ ਕੀਤੇ ਜਾਣਗੇ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਐਨਡੀਪੀ ਸਰਕਾਰ ਬਣਨ ਤੇ ਕੈਨੇਡਾ ਵਿੱਚ ਹਰ ਕਿਸੇ ਲਈ ਤਜਵੀਜ਼ਸ਼ੁਦਾ ਦਵਾਈਆਂ ਮੁਫ਼ਤ ਉਪਲਬਧ ਕਰਵਾਉਣ ਦੀ ਯੋਜਨਾ ਲਿਆਂਦੀ ਜਾਵੇਗੀ। ਇਸ ਯੋਜਨਾ ਨਾਲ ਹਰ ਇੱਕ ਪਰਿਵਾਰ ਨੂੰ ਔਸਤਨ 550 ਡਾਲਰ ਦੀ ਬੱਚਤ ਹੋਵੇਗੀ। ਇਹ ਐਲਾਨ ਕਰਦਿਆਂ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਕਿਹਾ ਹੈ ਕਿ ਇਸ ਯੋਜਨਾ ਹੈਲਥ ਕੇਅਰ ਦਾ ਵਿਸਤਾਰ ਕੀਤਾ ਜਾਵੇਗਾ ਤਾਂ ਜੋ ਨੌਕਰੀ, ਉਮਰ, ਸਥਾਨ, ਸਿਹਤ ਸਥਿਤੀ ਜਾਂ ਆਮਦਨੀ ਦੀ ਪ੍ਰਵਾਹ ਕੀਤੇ ਬਿਨਾਂ ਸਾਰੇ ਕੈਨੇਡੀਅਨਾਂ ਲਈ ਮਿਆਰੀ ਕੁਆਲਿਟੀ ਵਾਲੀਆਂ ਦਵਾਈਆਂ ਦੀ ਕਵਰੇਜ ਸ਼ਾਮਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਫਾਰਮਾਸਿਊਟੀਕਲ ਕੰਪਨੀਆਂ ਨਾਲ ਗੱਲਬਾਤ ਕਰਕੇ ਐਨਡੀਪੀ ਸਰਕਾਰ ਤਜਵੀਜ਼ ਕੀਤੀਆਂ ਦਵਾਈਆਂ ਨੂੰ ਮੁਫਤ ਉਪਲਬਧ ਕਰਵਾਉਣ ਵਿੱਚ ਸਹਾਇਤਾ ਕਰੇਗੀ ਅਤੇ ਇਸ ਨਾਲ ਸੂਬਾਈ ਸਿਹਤ ਪ੍ਰਣਾਲੀਆਂ ਦੇ ਪੈਸੇ ਦੀ ਵੀ ਬੱਚਤ ਹੋਵੇਗੀ, ਮਾਲਕਾਂ ਨੂੰ ਕਰਮਚਾਰੀਆਂ ਦੇ ਲਾਭਾਂ ਤੇ ਪੈਸੇ ਬਚਾਉਣ ਵਿੱਚ ਸਹਾਇਤਾ ਮਿਲੇਗੀ ਅਤੇ ਕੈਨੇਡੀਅਨਾਂ ਨੂੰ ਸਿਹਤਮੰਦ ਰਹਿਣ ਵਿਚ ਮੱਦਦ ਮਿਲੇਗੀ। ਜਗਮੀਤ ਸਿੰਘ ਨੇ ਕਿਹਾ ਕਿ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਲਿਬਰਲ ਪਾਰਟੀ ਫਾਰਮਾਕੇਅਰ ਲਿਆਉਣ ਦਾ ਵਾਅਦਾ ਕਰਦੀ ਆ ਰਹੀ ਹੈ ਅਤੇ ਪਿਛਲੇ ਛੇ ਸਾਲਾਂ ਦੌਰਾਨ ਜਸਟਿਨ ਟਰੂਡੋ ਨੇ ਵੀ ਆਪਣੇ ਫਾਰਮਾਕੇਅਰ ਦੇ ਵਾਅਦੇ ਨੂੰ ਹਕੀਕਤ ਬਣਾਉਣ ਦੀ ਦਿਸ਼ਾ ਵਿੱਚ ਕੋਈ ਵੀ ਕਦਮ ਨਹੀਂ ਚੁੱਕਿਆ। ਜਗਮੀਤ ਸਿੰਘ ਵਿਦਿਆਰਥੀਆਂ ਲਈ ਅਹਿਮ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ 20,000 ਡਾਲਰ ਤੱਕ ਦੇ ਵਿਦਿਆਰਥੀ ਕਰਜ਼ੇ ਮੁਆਫ ਕਰੇਗੀ, ਫੈਡਰਲ ਗ੍ਰਾਂਟਾਂ ਦੀ ਰਕਮ ਦੁੱਗਣੀ ਕਰੇਗੀ ਅਤੇ ਗ੍ਰੈਜੂਏਟਾਂ ਨੂੰ ਪੰਜ ਸਾਲਾਂ ਲਈ ਆਪਣੇ ਕਰਜ਼ਿਆਂ ਦੇ ਫੈਡਰਲ ਹਿੱਸੇ ਦੀ ਅਦਾਇਗੀ ਕਰਨ ਦੀ ਜ਼ਰੂਰਤ ਨਹੀਂ ਹੋਏਗੀ।




# ਗੁਰਿੰਦਰ ਗਿੱਲ ਨੇ ਐਨ ਡੀ ਪੀ ਦੇ ਉਮੀਦਵਾਰ ਵੱਜੋਂ ਕੈਲਗਰੀ ਸਕਾਈਵਿਊ ਤੋਂ ਆਪਣੀ ਚੋਣ ਮੁਹਿੰਮ ਸ਼ੁਰੂ ਕੀਤੀ















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੀ 44ਵੀਂ ਸੰਸਦ ਲਈ 20 ਸਤੰਬਰ ਹੋਣ ਵਾਲੀਆਂ ਚੋਣਾਂ ਲਈ ਕੈਲਗਰੀ ਸਕਾਈਵਿਊ ਤੋਂ ਸ: ਜਗਮੀਤ ਸਿੰਘ ਦੀ ਅਗਵਾਈ ਹੇਠਲੀ ਐਨ ਡੀ ਪੀ ਵੱਲੋਂ ਗੁਰਿੰਦਰ ਗਿੱਲ ਨੇ ਚੋਣ ਮੈਦਾਨ ਵਿੱਚ ਦੂਸਰੀ ਵਾਰ ਨਿੱਤਰਨ ਦਾ ਫੈਸਲਾ ਕੀਤਾ ਹੈ। ਆਪਣੇ ਚੋਣ ਦਫਤਰ ਦੇ ਉਦਘਾਟਨੀ ਸਮਾਰੋਹ ਮੌਕੇ ਉਹਨਾਂ ਆਪਣੀ ਪਾਰਟੀ ਦੀਆਂ ਲੋਕ ਪੱਖੀ ਪਾਲਿਸੀਆਂ ਹਾਜਰੀਨ ਲੋਕਾਂ ਸਾਹਮਣੇ ਰੱਖੀਆਂ । ਇਸ ਮੌਕੇ ਉਹਨਾਂ ਨਾਲ ਮੰਚ ਉੱਪਰ ਬਿਰਾਜਮਾਨ ਅਲਬਰਟਾ ਸੂਬੇ ਦੀ ਐਨ ਡੀ ਪੀ ਸਰਕਾਰ ਵਿੱਚ ਪਿਛਲੇ ਸਮੇ ਦੌਰਾਨ ਮੰਤਰੀ ਰਹੇ ਇਰਫਾਨ ਸਾਬਿਰ, ਪਰਮੀਤ ਸਿੰਘ ਬੋਪਾਰਾਇ,ਟੀਨੂ ਬਰਾੜ, ਅਤੇ ਗੁਰਬਚਨ ਬਰਾੜ ਹਾਜਿਰ ਸਨ। ਇਸ ਮੌਕੇ ਗੁਰਬਚਨ ਬਰਾੜ ਨੇ ਗੁਰਿੰਦਰ ਗਿੱਲ ਦੇ ਹੱਕ ਵਿੱਚ ਘਰ ਘਰ ਜਾਕੇ ਵੋਟਾਂ ਮੰਗਣ ਦੀ ਪ੍ਰੀਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰਿੰਦਰ ਗਿੱਲ ਦੀ ਜਿੱਤ ਯਕੀਨੀ ਹੈ ਕਿਉਂਕਿ ਉਹਨਾਂ ਦੇ ਮੁਕਾਬਲੇ ਵਾਲੇ ਉਮੀਂਦਵਾਰਾਂ ਦਾ ਰਾਜਨੀਤਕ ਕਿਰਦਾਰ ਉਹਨਾਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ। ਕਦੀ ਨੀਲੇ ਬੂਟ ਅਤੇ ਕਦੀ ਲਾਲ ਰੰਗ ਦੇ ਬੂਟ ਪਹਿਨਣ ਵਰਗੀਆਂ ਉਦਾਹਰਣਾਂ ਦਿੰਦਿਆਂ ਉਹਨਾਂ ਵਿਰੋਧੀ ਉਮੀਂਦਵਾਰਾਂ ਉੱਪਰ ਤਿੱਖੇ ਹਮਲੇ ਕੀਤੇ ।ਇਸ ਮੌਕੇ ਚੋਣ ਮੁਹਿੰਮ ਚਲਾਉਣ ਲਈ ਫੰਡ ਇਕੱਠਾ ਕਰਨ ਦੀ ਮੁਹਿੰਮ ਨੂੰ ਵੀ ਹਾਜਰੀਨ ਲੋਕਾਂ ਨੇ ਆਪ ਮੁਹਾਰੇ ਚੰਗਾ ਹੁਲਾਰਾ ਦਿੱਤਾ।





ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
redstonecommunity.ca
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities





SOUTH POINTE TOYOTA
2021 COROLLA ONLY $58 A WEEK! $0 DOWN! LE
2020 RAV4 ONLY $92 A WEEK! $0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

Calgary

# ਸਹੀ ਕਦਮ ਚੁੱਕੋ

## ਜਾਣੋ ਕਿ ਤੁਹਾਡੀਆਂ ਨੀਲੀਆਂ ਅਤੇ ਹਰੀਆਂ ਕਾਰਟਾਂ ਵਿੱਚ ਕੀ ਜਾਂਦਾ ਹੈ




## ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰੋ - ਇਹਨਾਂ ਚੀਜ਼ਾਂ ਨੂੰ ਆਪਣੀਆਂ ਨੀਲੀਆਂ ਜਾਂ ਹਰੀਆਂ ਕਾਰਟਾਂ ਵਿੱਚ ਨਾ ਪਾਓ।



ਕੋਈ ਰਸਾਇਣ ਜਾਂ ਪ੍ਰੋਪੇਨ ਟੈਂਕ ਨਹੀਂ

ਕੋਈ ਬੈਟਰੀਆਂ ਨਹੀਂ

ਕੋਈ ਕੂੜਾ ਨਹੀਂ

ਕੋਈ ਲਿਬਾਸ, ਕੱਪੜੇ ਜਾਂ ਬੂਟ ਨਹੀਂ

ਕੋਈ ਘਰੇਲੂ ਸਮਾਨ, ਇਲੈਕਟ੍ਰੌਨਿਕਸ ਜਾਂ ਫਰਨੀਚਰ ਨਹੀਂ

ਕੋਈ ਗੁੰਝਲਦਾਰ ਚੀਜ਼ਾਂ ਜਿਵੇਂ ਕਿ ਹੋਜ਼, ਰੱਸੀ ਜਾਂ ਬਿਜਲੀ ਦੀਆਂ ਤਾਰਾਂ ਨਹੀਂ

**Calgary.ca/recycleright 'ਤੇ ਹੋਰ ਜਾਣੋ।**

21-0013570 | ADV-10003

# ਰੀਜਾਇਨਾ ਵਿਖੇ ਚੌਥੇ ਨਗਰ ਕੀਰਤਨ ਦੌਰਾਨ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ

## ਮੂਲ ਨਿਵਾਸੀ ਭਾਈਚਾਰੇ ਦੇ ਲੋਕਾਂ ਦਾ ਬੈਂਡ "ਰੱਬ ਇੱਕ ਹੀ ਹੈ" ਦੀ ਕਹਾਵਤ ਉੱਪਰ ਮੋਹਰ ਲਗਾ ਗਿਆ






























ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਹਰ ਸਾਲ ਦੀ ਇਸ ਸਾਲ ਵੀ ਰੀਜਾਇਨਾ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ 28 ਅਗਸਤ ਵਾਲੇ ਦਿਨ ਸਜਾਇਆ ਗਿਆ। ਪੰਜ ਪਿਆਰਿਆਂ ਦੀ ਅਗਵਾਈ ਹੇਠ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਬੀੜ ਵੱਡ ਅਕਾਰੀ ਪਾਲਕੀ ਸਾਹਿਬ ਵਿੱਚ ਸਜਾਈ ਗਈ। ਸਵੇਰੇ 11 ਵਜੇ ਸਿੱਖ ਸੁਸਾਇਟੀ ਰੀਜਾਇਨਾ ਤੋਂ ਸੁਰੂ ਹੋਕੇ ਅਲਬਰਟਾ ਦੀ ਅਸੰਬਲੀ ਬਿਲਡਿੰਗ ਦੇ ਮੁੱਖ ਦੁਆਰ ਅੱਗੇ ਜਾਕੇ ਠਹਿਰਾਓ ਕੀਤਾ। ਜਿੱਥੇ ਰਾਜਨੀਤਕ ਅਤੇ ਭਾਈਚਾਰੇ ਦੇ ਪਰਮੁੱਖ ਲੋਕਾਂ ਨੇ ਮੰਚ ਉਪਰ ਹਾਜਰੀ ਭਰੀ ਅਤੇ ਗੁਰੂ ਘਰ ਵੱਲੋਂ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ। ਨਗਰ ਕੀਰਤਨ ਦੇ ਅੱਗੇ ਅੱਗੇ ਮੂਲ ਨਿਵਾਸੀ ਭਾਈਚਾਰੇ ਦੇ ਬੈਂਡ ਦੀ ਹਾਜਰੀ "ਸਭਨਾ ਦਾ ਰੱਬ ਇੱਕ ਹੀ ਹੈ" ਦੀ ਗਵਾਹੀ ਭਰ ਰਹੀ ਸੀ। ਸਿੱਖ ਮੋਟਰਸਾਈਕਲੀ ਜਥਾ ਕੇਸਰੀ ਦਸਤਾਰਾਂ ਸਜਾਕੇ ਨਗਰ ਕੀਰਤਨ ਦੀ ਸੋਭਾ ਵਧਾ ਰਿਹਾ ਸੀ । ਛੋਟੇ ਛੋਟੇ ਬੱਚਿਆ ਵੱਲੋਂ ਪੰਜਾਬੀ ਮਾਂ ਬੋਲੀ ਸਬੰਧੀ ਹੱਥਾਂ ਵਿੱਚ ਚੁੱਕੇ ਬੈਨਰ ਪੰਜਾਬੀ ਮਾਂ ਬੋਲੀ ਦੇ ਭਵਿੱਖ ਪ੍ਰਤੀ ਚਿੰਤਾ ਦਾ ਪ੍ਰਤੀਕ ਦਿਖਾਈ ਦਿੰਦੇ ਸਨ। ਰਾਗੀ ਸਿੰਘ ਅਤੇ ਢਾਡੀ ਜਥੇ ਵੱਲੋਂ ਪੇਸ਼ ਕੀਤੀਆ ਜਾ ਰਹੀਆਂ ਬੀਰਰਸੀ ਵਾਰਾਂ ਸਿੱਖ ਇਤਹਾਸ ਪ੍ਰਤੀ ਜਾਗਰੂਕਤਾ ਪੈਦਾ ਕਰ ਰਹੀਆਂ ਸਨ। ਦਿੱਲੀ ਵਿਖੇ ਚੱਲ ਰਹੇ ਕਿਸਾਨ ਅੰਦੋਲਨ ਦਾ ਰੰਗ ਵੀ ਕਿਸਾਨੀ ਝੰਡਿਆਂ ਦੇ ਰੂਪ ਵਿੱਚ ਦਿਖਾਈ ਦੇ ਰਿਹਾ ਸੀ । ਸਾਮ 3 ਵਜੇ ਦੇ ਕਰੀਬ ਵਪਿਸੀ ਹੋਣ ਉਪਰੰਤ ਗੁਰੂਘਰ ਸਿੱਖ ਸੁਸਾਇਟੀ ਰੀਜਾਇਨਾ ਵਿਖੇ ਨਗਰ ਕੀਰਤਨ ਦੀ ਸਮਾਪਤੀ ਹੋਈ ।

# ਸਾਨੂੰ ਆਪਣਾ ਵਿਸ਼ਲੇਸ਼ਣ ਵੀ ਕਰਨਾ ਚਾਹੀਦਾ ਹੈ : ਮਨਮੋਹਨ



ਵਿਨੀਪੈਗ (ਪੰਜਾਬੀ ਅਖਬਾਰ ਬਿਊਰੋ)– ਸ਼ਾਹ ਚਮਨ ਯਾਦਗਾਰੀ ਟਰੱਸਟ ਵੱਲੋਂ ਸਾਹਿਤ ਸਭਾ ਬਠਿੰਡਾ ਦੇ ਸਹਿਯੋਗ ਨਾਲ ਕਰਾਏ ਗਏ ਵਿਸ਼ਾਲ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਚਿੰਤਕ ਅਤੇ ਨਾਵਲਕਾਰ ਡਾ. ਮਨਮੋਹਨ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣਾ ਵਿਸ਼ਲੇਸ਼ਣ ਵੀ ਕਰਨਾ ਚਾਹੀਦਾ ਹੈ। ਅਸੀਂ ਜਦੋਂ ਵੀ ਨਿਰਾਸ਼ ਹੁੰਦੇ ਹਾਂ ਤਾਂ ਸ਼ਬਦ ਸਾਡਾ ਸਹਾਰਾ ਬਣਦੇ ਨੇ, ਸਾਨੂੰ ਨਿਰਾਸ਼ਾ ’ਚੋਂ ਬਾਹਰ ਕੱਢਦੇ ਨੇ ਆਪਣਾ ਵਿਸ਼ਲੇਸ਼ਣ ਕਰਨ ਲਈ ਮਜਬੂਰ ਕਰਦੇ ਨੇ। ਕਿਸਾਨੀ ਅੰਦੋਲਨ ਅਤੇ ਸੱਭਿਆਚਾਰਕ ਸੰਦਰਭ ਦੇ ਵਿੱਚ ਡਾ. ਸੁਰਜੀਤ ਨੇ ਸ਼ਾਹ ਚਮਨ ਮੈਮੋਰੀਅਲ ਲੈਕਚਰ ਦਿੱਤਾ ਜਿਸ ਵਿਚ ਕਿੰਨਰਾਂ ਤੇ ਮਜਦੂਰਾਂ ’ਤੇ ਹੋ ਰਹੇ ਤਸ਼ੱਦਦ ਬਾਰੇ ਲੰਬੀ ਬਹਿਸ ਕਰਨ ਦਾ ਮੁੱਢ ਬੰਨ੍ਹਿਆ। ਸ਼ਾਹ ਚਮਨ ਯਾਦਗਾਰੀ ਪੁਰਸਕਾਰ 2018 ਦਾ ਗੁਰਪ੍ਰੀਤ ਮਾਨਸਾ ਨੂੰ ਉਨ੍ਹਾਂ ਦੀਆਂ ਵਿਲੱਖਣ ਪ੍ਰਾਪਤੀਆਂ ਸਦਕਾ ਡਾ. ਜਗਵਿੰਦਰ ਜੋਧਾ ਨੂੰ ਚਿੰਤਨ ਆਲੋਚਨਾ ਅਤੇ ਅਨੁਵਾਦ ਦੇ ਖੇਤਰ ਵਿੱਚ ਸਮਾਨੰਤਰ ਪੈੜਾਂ ਪਾਉਣ ਅਤੇ ਡਾ. ਨੀਤੂ ਅਰੋੜਾ ਨੂੰ ਔਰਤ ਦੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਤਹਿਤ ਤਿੰਨਾਂ ਨੂੰ ਇੱਕੀ ਇੱਕੀ ਹਜਾਰ ਦੀ ਰਾਸ਼ੀ ਸਨਮਾਨ ਪੱਤਰ ਅਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਕਥਾਕਾਰ ਸੁਖਜੀਤ ਨੇ ਆਪਣੀਆਂ ਕਹਾਣੀਆਂ ਦੇ ਪ੍ਰਤੀਕਾਂ ਦੀ ਗੱਲ ਕੀਤੀ ਤੇ ਨਾਲ ਹੀ ਸਮਾਂ ਅਤੇ ਸਥਾਨ ਕਹਾਣੀ ਵਿਚ ਕਿੰਨੇ ਜ਼ਰੂਰੀ ਹਨ ਬਾਰੇ ਵਿਚਾਰ ਪੇਸ਼ ਕੀਤੇ। ਚਰਚਿਤ ਐਕਟੀਵਿਸਟ ਅਤੇ ਸ਼ਾਇਰ ਜਸਵੰਤ ਜ਼ਫਰ ਨੇ ਆਪਣੀਆਂ ਦੋ ਕਵਿਤਾਵਾਂ ਅਤੇ ਸ਼ਾਹ ਚਮਨ ਜੀ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਵਾਰਤਕ ਲੇਖਕ ਕਵੀ ਤੇ ਨਾਵਲਕਾਰ ਰਾਮ ਸਿੰਘ ਨੇ ਵੀ ਆਪਣੀਆਂ ਗ਼ਜ਼ਲਾਂ ਨਾਲ ਹਾਜ਼ਰੀ ਲਵਾਈ ਅਤੇ ਬਾਉ ਜੀ ਨਾਲ ਗੁਜ਼ਾਰੇ ਪਲਾਂ ਦਾ ਬੜਾ ਭਾਵਪੂਰਨ ਜ਼ਿਕਰ ਕੀਤਾ। ਪ੍ਰਧਾਨਗੀ ਮੰਡਲ ਵਿਚ ਡਾ. ਮਨਮੋਹਨ, ਜਸਵੰਤ ਜ਼ਫ਼ਰ, ਡਾ.ਸੁਰਜੀਤ, ਰਾਮ ਸਿੰਘ, ਕਥਾਕਾਰ ਸੁਖਜੀਤ, ਸਤੀਸ਼ ਗੁਲਾਟੀ ਅਤੇ ਤਿੰਨੋਂ ਪੁਰਸਕਾਰ ਪ੍ਰਾਪਤ ਲੇਖਕ ਗੁਰਪੀਤ, ਜਗਵਿੰਦਰ ਜੋਧਾ ਤੇ ਨੀਤੂ ਅਰੋੜਾ ਅਤੇ ਸੰਚਾਲਨ ਜਸਪਾਲ ਮਾਨਖੇੜਾ ਹਾਜ਼ਰ ਸਨ।

ਪਵਨ ਗੁਲਾਟੀ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਸ਼ਾਹ ਚਮਨ ਯਾਦਗਾਰੀ ਟਰੱਸਟ ਦੀਆਂ ਪਿਛਲੇ ਚਾਰ ਸਾਲਾਂ ਦੇ ਪੁਰਸਕਾਰਾਂ ਦਾ ਵਿਸਤਾਰ ਦੇ ਵਿੱਚ ਜ਼ਿਕਰ ਕੀਤਾ ਇਹ ਵੀ ਦੱਸਿਆ ਕਿ ਇਹ ਪੁਰਸਕਾਰ ਕਿਉਂ, ਕਿਵੇਂ ਤੇ ਕਿਸ ਤਰ੍ਹਾਂ ਦਿੱਤੇ ਜਾ ਰਹੇ ਹਨ। ਜਸਪਾਲ ਮਾਣਖੇੜਾ ਨੇ ਸ਼ਾਹ ਚਮਨ ਦੇ ਬਠਿੰਡਾ ਰਹਿੰਦਿਆਂ, ਵਿਚਰਦਿਆਂ ਅਤੇ ਸਾਹਿਤਕ ਗਤੀਵਿਧੀਆਂ ਦਾ ਵਿਸਥਾਰਤ ਰੇਖਾ ਚਿੱਤਰ ਪੇਸ਼ ਕੀਤਾ। ਹੋਰਨਾਂ ਤੋਂ ਇਲਾਵਾ ਦੇਸ ਰਾਜ ਕਾਲੀ ਨੇ ਕਹਾਣੀ ਬਾਰੇ ਅਤੇ ਡਾ ਸੁਮੇਲ ਸਿੰਘ ਨੇ ਕਿਸਾਨੀ ਅੰਦੋਲਨ ਬਾਰੇ ਅਤੇ ਕਿਸਾਨੀ ਅੰਦੋਲਨ ਦੀਆਂ ਪ੍ਰਾਪਤੀਆਂ ਦਾ ਵਿਸ਼ਲੇਸ਼ਣ ਬਾਰੇ ਅਤੇ ਅਤਰਜੀਤ ਅਤੇ ਡਾ. ਗੁਰਇਕਬਾਲ ਨੇ ਬਾਊ ਜੀ ਬਾਰੇ ਯਾਦਾਂ ਸਾਂਝੀਆਂ ਕੀਤੀਆਂ। ਸਮਾਗਮ ਵਿੱਚ ਗੁਰਪ੍ਰੀਤ ਦਾ ਕਾਵਿ ਸੰਗ੍ਰਹਿ ‘ਰਾਹਕ’ ਰਾਮ ਸਿੰਘ ਦਾ ਨਾਵਲ ‘ਸਭ ਕਾਸੇ ਆਲ਼ੇ’ ਅਤੇ ਮਨਮੋਹਨ ਦਾ ਨਾਵਲ ‘ਸਹਿਜ ਗੁਫ਼ਾ ਮੇ ਆਸਣ’ ਰੀਲੀਜ਼ ਕੀਤੇ ਗਏ। ਇਸ ਭਰਵੇਂ ਸਮਾਗਮ ਵਿਚ ਤਰਲੋਕ ਬੰਧੂ, ਸੁਖਜਿੰਦਰ, ਸਤਿਬੀਰ ਸਿੰਘ ਅਤੇ ਸ਼ੁਭਪ੍ਰੇਮ ਬਰਾੜ ਤੋਂ ਇਲਾਵਾ ਆਤਮਾ ਰਾਮ ਰੰਜਨ, ਦਮਜੀਤ ਦਰਸ਼ਨ ਕੁਮਾਰ, ਸੁਸ਼ੀਲ, ਸੁਮਿਤ ਗਰਗ, ਜਸਵਿੰਤ ਜਸ, ਤਸਕੀਨ, ਮੱਖਣ ਮਾਨ, ਕਲਨੈਲ ਸਿੰਘ, ਅਮਨਦੀਪ ਸਿੰਘ, ਲਛਮਣ ਮਲੂਕਾ, ਕਾ. ਜਰਨੈਲ ਤਾਈਰ, ਭੋਲਾ ਸਿੰਘ ਸ਼ਮੀਰੀਆ, ਸੁਖਦਰਸ਼ਨ ਗਰਗ, ਅਮਰਜੀਤ ਸਿੰਘ ਸਿੱਧੂ, ਨਵਜੋਤ ਸਿੰਘ, ਹਰਮੇਲ ਸਿੰਘ, ਹਰਗੁਨ, ਅਕਾਸ਼ਦੀਪ ਸਿੰਘ, ਪਰਮਜੀਤ ਸਿੰਘ, ਮਨਜੀਤ ਸਿੰਘ, ਨਵਦੀਪ ਰਾਏ, ਜਸਵੀਰ ਚੋਟ, ਗੁਰਪ੍ਰੀਤ ਸਿੰਘ, ਮੁਕੰਦ ਕਮਲ ਬਾਘਾ ਪੁਰਾਣਾ, ਹਰਮਿੰਦਰ ਸਿੰਘ ਕੋਟਲਾ ਰਾਏ ਕਾ, ਸੰਦੀਪ ਸਮਰਾਲਾ, ਅਮਨਦੀਪ ਸਿੰਘ, ਜਗਤਾਰ ਸਿੰਘ, ਕਿਰਨਪਾਲ ਕੌਰ, ਸੰਦੀਪ ਸਿੰਘ, ਤਸਵੀਰ, ਗੁਰਦੀਪ ਸਿੰਘ ਢੁੱਡੀ, ਮੇਹਰ ਸਿੰਘ, ਪਰਮਿੰਦਰ ਸਿੰਘ ਤੱਗੜ, ਬਲਵਿੰਦਰ ਸਿੰਘ ਭੁੱਲਰ, ਸਰਵਰ ਸਿੰਘ ਢਿੱਲੋਂ, ਸੰਦੀਪ ਕੌਰ ਸੇਖੋਂ, ਸੁਖਮੰਦਰ ਕੌਰ, ਸ਼ਹਿਨਾਜ਼ ਗੁਲਾਟੀ, ਅੰਜੂ ਗੁਲਾਟੀ, ਹਰਬੰਸ ਲਾਲ ਗਰਗ, ਖੁਸ਼ਵੰਤ ਬਰਮਾਲੀ, ਰਣਜੀਤ ਗੌਰਵ, ਅਮਨ ਦਾਤੇਵਾਸੀਆ, ਰਣਬੀਰ ਰਾਣਾ, ਗੁਰਦੇਵ ਸਿੰਘ ਖੋਖਰ, ਪਰਮਿੰਦਰ ਕੌਰ, ਮਹਿੰਦਰ ਬੱਬੂ, ਗੁਰਸੇਵਕ ਸਿੱਧੂ, ਪਰਮਜੀਤ ਸਿੰਘ ਰੋਮਾਣਾ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਜਸਪ੍ਰੀਤ ਸਿੰਘ, ਹਰਬਲਾਸ ਰਾਮ, ਪ੍ਰੋ. ਅਮਰਜੀਤ ਸਿੰਘ, ਰਵਿੰਦਰ ਸਿੰਘ ਸੰਧੂ, ਵਿਕਰਮਜੀਤ, ਸੰਦੀਪ ਵਤਸ, ਸੁਖਜਿੰਦਰ ਸਿੰਘ, ਮਨਦੀਪ ਸਿੰਘ, ਗੁਰਲਾਲ ਸਿੰਘ, ਯਾਦਵਿੰਦਰ ਸਿੰਘ, ਅਮਨਦੀਪ ਮੋਨੀ, ਪਰਗਟ ਸਿੰਘ, ਦਰਸ਼ਨ ਸਿੰਘ ਜਟਾਣਾ, ਕੁਲਦੀਪ ਸਿੰਘ ਬੰਗੀ, ਗੁਰਸੇਵਕ ਸਿੰਘ ਚਹਿਲ, ਲੀਲਾ ਸਿੰਘ ਰਾਏ, ਤਨਵੀਰ, ਕੁਲਵਿੰਦਰ ਸਿੰਘ ਹੈਪੀ, ਕੇਵਲ ਜੀਦਾ, ਦਿਲਬਾਗ ਸਿੰਘ, ਸੁਧੀਰ, ਜਸਪਾਲ ਸ਼ਰਮਾ, ਐੱਮ.ਐੱਮ. ਸ਼ਰਮਾ, ਸੁਮੀਤ ਗੁਲਾਟੀ, ਸਾਜਨ, ਵਿਜੈ ਕੁਮਾਰ, ਹਰਪਾਲ, ਸਤਵਿੰਦਰ ਸਿੰਘ, ਅੰਮ੍ਰਿਤਬੀਰ ਅਤੇ ਹੋਰ ਬਹੁਤ ਸਾਰੇ ਪਾਠਕ ਹਾਜ਼ਰ ਸਨ। ਚੇਤਨਾ ਪ੍ਰਕਾਸ਼ਨ ਲਿਟਰੇਰੀ ਜਿਊਲ ਅਤੇ ਜਸਵੰਤ ਸਿੰਘ ਵੱਲੋਂ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਜਿੱਥੋਂ ਪਾਠਕਾਂ ਨੇ ਪੁਸਤਕਾਂ ਦਾ ਲਾਹਾ ਲਿਆ।

# ਕਰੋਨਾ ਲਾਕਡਾਊਨ ਕਾਰਣ ਲੋਕਾਂ ਨੇ ਘਰ ਬੈਠਿਆਂ ਸ਼ਰਾਬ ਪੀ ਪੀ ਕੇ ਆਪਣੇ ਲਿਵਰ ਖ਼ਰਾਬ ਕਰ ਲਏ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਯੂਨਿਵਰਸਿਟੀ ਔਫ਼ ਕੈਲਗਰੀ ਦੀ ਇੱਕ ਖੋਜ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਕੋਵਿਡ-19 ਦੀ ਪਹਿਲੀ ਵੇਵ ਦੌਰਾਨ ਲੌਕ ਡਾਊਨ ਸਮੇਂ ਸੂਬਾ ਵਾਸੀਆਂ ਦੀ ਵੱਡੀ ਗਿਣਤੀ, ਘਰਾਂ ਵਿੱਚ ਬੰਦ ਰਹਿਣ ਕਰਕੇ ਸ਼ਰਾਬ ਦੀ ਲੋੜ ਤੋਂ ਜ਼ਿਆਦਾ ਵਰਤੋਂ ਕਰਨ ਕਰਕੇ ਬਿਮਾਰੀ ਦੀ ਲਪੇਟ ਵਿੱਚ ਆਈ ਹੈ ਤੇ ਉਹਨਾਂ ਨੂੰ ਵੱਧ ਗਿਣਤੀ ਵਿੱਚ ਹਸਪਤਾਲਾਂ ਵਿੱਚ ਦਾਖ਼ਲ ਕਰਵਾਉਣਾ ਪਿਆ ਹੈ। ਮਾਰਚ 2020 ਤੋਂ ਸਤੰਬਰ 2020 ਦਰਮਿਆਨ ਅਤੇ ਮਾਰਚ 2018 ਤੋਂ ਫਰਬਰੀ 2020 ਦਰਮਿਆਨ ਲੋਕਾਂ ਦੇ ਲਿਵਰ ਖ਼ਰਾਬ ਹੋਣ ਦੇ ਮਾਮਲਿਆਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਸੀ। ਮਾਰਚ ਤੋਂ ਸਤੰਬਰ 2020 ਦਰਮਿਆਨ ਪ੍ਰਤੀ ਦਸ ਹਜ਼ਾਰ ਵਿਅਕਤੀ 22.1 ਵਿਅਕਤੀ ਲਿਵਰ ਦੀ ਖ਼ਰਾਬੀ ਕਾਰਨ ਹਾਸਪਤਾਲ ਵਿੱਚ ਦਾਖ਼ਲ ਹੋਏ। ਮਾਰਚ 2018 ਤੋਂ ਫਰਬਰੀ 2020 ਦਰਮਿਆਨ ਇਹ ਗਿਣਤੀ ਪ੍ਰਤੀ ਦਸ ਹਜ਼ਾਰ 11.6 ਦਰਜ ਹੋਈ ਹੈ। ਸ਼ਰਾਬ ਪੀਣ ਦੀ ਲਤ ਲੱਗਣ ਕਾਰਨ ਕਈ ਲੋਕਾਂ ਦੇ ਲਿਵਰ ਫੇਲ੍ਹ ਹੋਏ, ਲਿਵਰ ਟ੍ਰਾਂਸਪਲਾਂਟ ਹੋਏ ਤੇ ਕਈ ਲੋਕਾਂ ਦੀ ਮੌਤ ਵੀ ਹੋਈ ਦਰਜ ਕੀਤੀ ਗਈ ਹੈ। ਯੂਨਿਵਰਸਿਟੀ ਦੇ ਕਮਿੰਗ ਸਕੂਲ ਔਫ਼ ਮੈਡਿਸਿਨ ਦੇ ਐਸਿਸਟੈਂਟ ਪ੍ਰੋਫੈਸਰ ਡਾ. ਅਬਦੁਲ ਅਜ਼ੀਜ਼ ਸ਼ਾਹੀਨ ਦਾ ਕਹਿਣਾ ਹੈ ਕਿ ਕਿ ਲੌਕ ਡਾਊਨ ਦਰਮਿਆਨ ਤੇ ਕੋਵਿਡ ਦੇ ਇਸ ਸਮੇਂ ਦੌਰਾਨ ਲਿਕਰ ਸਟੋਰ ਬਹੁਤ ਬਿਜ਼ੀ ਰਹੇ ਤੇ ਲੰਬੀਆਂ ਲਾਇਨਾਂ ਲੱਗੀਆਂ ਰਹੀਆਂ ਤੇ ਲੋਕਾਂ ਨੇ ਖਾਲੀ ਹੋਣ ਕਾਰਨ ਬਹੁਤ ਸ਼ਰਾਬਨੋਸ਼ੀ ਕੀਤੀ ਹੈ।




# ਕੈਨੇਡਾ ਦੀਆਂ ਚੋਣਾਂ ਦੌਰਾਨ ਕੌਣ ਕੀ-ਕੀ ਵੰਡੇ ਤੇ ਕੌਣ ਕਿਸੇ ਨੂੰ ਭੰਡੇ ?





ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਵਿੱਚ ਚੱਲ ਰਹੇ ਚੋਣ ਪ੍ਰਚਾਰ ਦੇ ਦੂਜੇ ਹਫ਼ਤੇ ਦੇ ਸ਼ੁਰੂ ਵਿੱਚ ਸਾਰੀਆਂ ਪ੍ਰਮੁੱਖ ਰਾਜਨੀਤਕ ਧਿਰਾਂ ਵਿੱਚ ਹੈਲਥ ਕੇਅਰ ਦਾ ਮੁੱਦਾ ਭਾਰੂ ਬਣਿਆ ਰਿਹਾ। ਲਿਬਰਲ ਪਾਰਟੀ ਨੇ ਐਲਾਨ ਕੀਤਾ ਕਿ ਜੇ ਉਹਨਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਦੇਸ਼ ਭਰ ਵਿੱਚ ਵਧੇਰੇ ਫੈਮਿਲੀ ਡਾਕਟਰਾਂ ਦੀ ਭਰਤੀ ਕੀਤੀ ਜਾਵੇਗੀ। ਕੰਜ਼ਰਵੇਟਿਵ ਪਾਰਟੀ ਨੇ ਆਪਣੇ ਲੀਡਰ ਐਰਿਨ ?'ਟੂਲ ਦੇ ਇੱਕ ਪੁਰਾਣੇ ਵੀਡੀ? ਕਲਿਪ ਨੂੰ ਤੋੜ ਮਰੋੜ ਕੇ ਪੇਸ਼ ਕਰਨ ਸੰਬੰਧੀ ਟਵਿਟਰ 'ਤੇ ਪਾਈ ਪੋਸਟ ਨੂੰ ਮੁੱਦਾ ਬਣਾਇਆ ਤੇ ਇਲੈਕਸ਼ਨ ਕੈਨੇਡਾ ਨੂੰ ਇਸ ਦੀ ਜਾਂਚ ਕਰਨ ਨੂੰ ਕਿਹਾ ਤੇ ਇਸ ਨੂੰ ਸੋਸ਼ਲ ਮੀਡੀਆ ਤੋਂ ਹਟਾਉਣ ਦੀ ਮੰਗ ਕੀਤੀ। ਟਵਿਟਰ ਦਾ ਕਹਿਣਾ ਹੈ ਕਿ ਕ੍ਰਿਸਟੀਆ ਫ੍ਰੀਲੈਂਡ ਨੇ ਜਨਤਾ ਨੂੰ ਗੁਮਰਾਹ ਕੀਤਾ ਹੈ। ਐਨਡੀਪੀ ਲੀਡਰ ਜਗਮੀਤ ਸਿੰਘ ਨੇ ਕਿਹਾ ਕਿ ਜੇ ਉਹਨਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਉਹ ਔਇਲ ਐਂਡ ਗੈਸ ਕੰਪਨੀਆਂ ਨੂੰ ਦਿੱਤੀ ਜਾਂਦੀ ਸਬਸਿਡੀ ਬੰਦ ਕਰਨਗੇ ਤੇ ਇਸ ਦੀ ਥਾਂ ਇਹ ਰਕਮ ਰੀ-ਨਿਉਏਬਲ ਐਨਰਜੀ ਪ੍ਰੋਜੈਕਟਸ ਵੱਲ ਭੇਜੀ ਜਾਵੇਗੀ। ਲਿਬਰਲਾਂ ਨੇ ਖੁਦ ਨੂੰ ਦੇਸ਼ ਦੇ ਯੂਨਿਵਰਸਲ ਹੈਲਥ ਕੇਅਰ ਦਾ ਭਰੋਸੇਯੋਗ ਗਾਰਡੀਅਨ ਹੋਣ ਦਾ ਦਾਅਵਾ ਕੀਤਾ ਤੇ ਐਨਡੀਪੀ ਨੇ ਵਾਤਾਵਰਣ ਨੂੰ ਬਚਾਉਣ ਵਾਸਤੇ ਖੁਦ ਨੂੰ ਮੋਢੀ ਦੱਸਿਆ ਹੈ। ਜਿੱਥੇ ਦੋਵੇਂ ਲਿਬਰਲਾਂ ਅਤੇ ਐਨਡੀਪੀ ਨੇ ਆਪਣੇ ਪੁਰਾਣੇ ਗੜ੍ਹ ਬਚਾਉਣ ਲਈ ਟਿੱਲ ਲਗਾਇਆ ਹੋਇਆ ਹੈ ਉਥੇ ਕੰਜ਼ਰਵੇਟਿਵਾਂ ਨੇ ਅਣਕਿਆਸਿਆ ਮੋੜ ਕੱਟਦਿਆਂ ਔਸਤ ਵਰਕਰਾਂ ਵਾਸਤੇ ਕਾਫੀ ਖੁੱਲ੍ਹਾਂ ਅਤੇ ਢਿੱਲਾਂ ਦੇਣ ਦੇ ਨਾਲ ਨਾਲ ਆਰਥਕ ਮੱਦਦ ਦਾ ਵਾਅਦਾ ਕੀਤਾ ਹੈ। ਐਰਿਨ ? ਟੂਲ ਦਾ ਕਹਿਣਾ ਹੈ ਕਿ ਜੇ ਉਹਨਾਂ ਦੀ ਸਰਕਾਰ ਬਣੀ ਤਾਂ ਉਹ 1000 ਤੋਂ ਜ਼ਿਆਦਾ ਕਰਮਚਾਰੀਆਂ ਦੇ ਐਂਪਲੌਇਰਜ਼ ਨੂੰ ਫੈਡਰਲੀ ਰੈਗੁਲੇਟ ਕੀਤਾ ਜਾਵੇਗਾ ਜਾਂ 100 ਮਿਲੀਅਨ ਡਾਲਰ ਦਾ ਸਾਲਾਨਾ ਮਾਲੀਆ ਵਾਲੀਆਂ ਕੰਪਨੀਆਂ ਦੇ ਬੋਰਡ ਔਫ਼ ਡਾਇਰੈਕਟਰਜ਼ ਵਿੱਚ ਕਰਮਚਾਰੀਆਂ ਨੂੰ ਸ਼ਾਮਲ ਕਰਵਾਇਆ ਜਾਵੇਗਾ।

# ਅਮਰੀਕਾ ਨੇ ਆਪਣੇ ਫੌਜੀ ਕਮਾਂਡਰਾਂ ਨੂੰ ਆਦੇਸ਼ ਦੇ ਦਿੱਤਾ ਹੈ ਕਿ ਉਹ ਧਮਾਕਿਆਂ ਲਈ ਜ਼ਿੰਮੇਵਾਰ ਅੱਤਵਾਦੀਆਂ ਦਾ ਮੁਕੰਮਲ ਸਫਾਇਆ ਕਰ ਦੇਣ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਗ਼ਾਨਿਸਤਾਨ ਵਿੱਚ ਹੋਏ ਦੋ ਬੰਬ ਧਮਾਕਿਆਂ ਵਿੱਚ 13 ਅਮੇਰਿਕਨ ਫੌਜੀਆਂ ਸਮੇਤ 95 ਲੋਕਾਂ ਦੇ ਮਾਰੇ ਜਾਣ ਅਤੇ ਦਰਜਨਾਂ ਹੋਰਨਾਂ ਦੇ ਜ਼ਖ਼ਮੀ ਹੋਣ ਮਗਰੋਂ ਯੂ.ਐਸ ਪ੍ਰੈਜ਼ਿਡੈਂਟ ਜੋਅ ਬਾਇਡਨ ਨੇ ਕਿਹਾ ਹੈ ਕਿ ਅਫ਼ਗ਼ਾਨਿਸਤਾਨ ਵਿੱਚ ਅਮੈਰਿਕਨ ਮਿਸ਼ਨ ਜਾਰੀ ਰਹੇਗਾ ਤੇ ਇਸ ਤਰ੍ਹਾਂ ਦੇ ਮਾਰੂ ਹਮਲੇ ਕਰਕੇ ਉਹਨਾਂ ਦੀ ਫੌਜ ਦੇ ਹੌਸਲੇ ਪਸਤ ਨਹੀਂ ਕੀਤੇ ਜਾ ਸਕਦੇ। ਉਹਨਾਂ ਕਿਹਾ ਇਸ ਹਮਲੇ ਦੇ ਦੋਸ਼ੀਆਂ ਨੂੰ ਹਰ ਹੀਲੇ ਲੱਭ ਕੇ ਉਹਨਾਂ ਨੂੰ ਸਜ਼ਾ ਦਿੱਤੀ ਜਾਵੇਗੀ। ਆਇਸਿਸ ਨੇ ਇਹਨਾਂ ਧਮਾਕਿਆਂ ਦੀ ਜ਼ਿੰਮੇਵਾਰੀ ਅਪਣੇ ਸਿਰ ਲਈ ਹੈ। ਰਾਸ਼ਟਰਪਤੀ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਦੋਸ਼ੀਆਂ ਨੂੰ ਇਸ ਦੀ ਕੀਮਤ ਅਦਾ ਕਰਨੀ ਪਵੇਗੀ। ਉਹਨਾਂ ਕਿਹਾ ਕਿ ਉਹਨਾਂ ਨੇ ਕਮਾਂਡਰ ਨੂੰ ਆਦੇਸ਼ ਦਿੱਤਾ ਹੈ ਕਿ ਆਇਸਿਸ ਦੇ ਸਾਰੇ ਅਸਾਸਿਆਂ, ਲੀਡਰਸ਼ਿਪ ਅਤੇ ਫੈਸਿਲਿਟੀਆਂ ਦਾ ਮਲੀਆ ਮੇਟ ਕਰ ਦੇਣ। ਰਾਸ਼ਟਰਪਤੀ ਨੇ ਕਿਹਾ ਕਿ ਉਹ ਪੂਰੀ ਤਾਕਤ ਨਾਲ ਇਸ ਹਮਲੇ ਦਾ ਜਵਾਬ ਦੇਣਗੇ। ਉੱਧਰ ਅਫ਼ਗ਼ਾਨਿਸਤਾਨ ਦੇ ਕਾਬੁਲ ਏਅਰਪੋਰਟ ਤੋਂ ਰੈਸਕਿਉ ਫ਼ਲਾਇਟਾਂ ਮੁੜ ਤੋਂ ਚਾਲੂ ਕਰ ਦਿੱਤੀਆਂ ਗਈਆਂ ਹਨ ਤੇ ਏਅਰਪੋਰਟ ਦੇ ਬਾਹਰ ਲੱਖਾਂ ਲੋਕ ਪਹਿਲਾਂ ਵਾਂਗ ਹੀ ਜਮ੍ਹਾਂ ਹਨ। ਕੈਨੇਡੀਅਨ ਫੌਜੀ ਸਹਾਇਤਾ ਕਰਨ ਵਾਲੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਕੈਨੇਡਾ ਸਰਕਾਰ ਦੇ ਰੈਸਕਿਉ ਮਿਸ਼ਨ ਖ਼ਤਮ ਕਰਨ ਦੇ ਫੈਸਲੇ ਦੀ ਤਿੱਖੀ ਆਲੋਚਨਾ ਕੀਤੀ ਹੈ। ਇਹ ਆਲੋਚਨਾ ਦੇਸ਼ ਵਿੱਚ ਅਤੇ ਅਫ਼ਗ਼ਾਨਿਸਤਾਨ ਵਿੱਚ ਵੀ ਹੋ ਰਹੀ ਹੈ।

MA MORTGAGE ARCHITECTS
AMRIT SINGH KANG
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com



# ਮਾਲਵਿੰਦਰ ਸਿੰਘ ਮਾਲੀ ਬਨਾਮ ਮਾਲਵਿੰਦਰ ਸਿੰਘ ਮਾਲੀ

**ਦਰਸ਼ਨ ਸਿੰਘ ਦਰਸ਼ਕ**
98555-08918



ਪਟਿਆਲਾ - 1996 ’ਚ ਜਦੋਂ ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਪਟਿਆਲਾ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਸਵਰਗੀ ਸੰਤ ਰਾਮ ਸਿੰਗਲਾ ਖ਼ਿਲਾਫ਼ ਚੋਣ ਲੜ ਰਹੇ ਸਨ ਤਾਂ ਉਸ ਸਮੇਂ ਮੇਰਾ ਸੰਪਰਕ ਅੱਜ ਕਲ੍ਹ ਚਰਚਾ ’ਚ ਚੱਲ ਰਹੇ ਮਾਲਵਿੰਦਰ ਸਿੰਘ ਮਾਲੀ ਨਾਲ ਹੋਇਆ। ਓਦੋਂ ਉਨ੍ਹਾਂ ਦੇ ਨਾਲ ਗੁਰਦਰਸ਼ਨ ਸਿੰਘ ਬਾਹੀਆ ਵੀ ਹੁੰਦੇ ਸਨ। ਇਹ ਦੋਵੇਂ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਾਫ਼ੀ ਨਜ਼ਦੀਕੀ ਸਨ। ਉਨ੍ਹਾਂ ਦਿਨਾਂ ’ਚ ਕੈਪਟਨ ਅਮਰਿੰਦਰ ਸਿੰਘ ਵੀ ਅਕਾਲੀ ਦਲ ਦੇ ਹੀ ਮੈਂਬਰ ਸਨ।

ਇਸ ਚੋਣ ਦੌਰਾਨ ਪ੍ਰੋ.ਚੰਦੂਮਾਜਰਾ ਨੇ ਜਿੱਤ ਪ੍ਰਾਪਤ ਕੀਤੀ। ਉਸ ਸਮੇਂ ਮੋਬਾਈਲ ਫ਼ੋਨ ਨਹੀਂ ਸਨ ਹੁੰਦੇ ਅਤੇ ਆਮ ਘਰਾਂ ’ਚ ਲੈਂਡਲਾਈਨ ਲੱਗਣੇ ਸ਼ੁਰੂ ਹੋ ਗਏ ਸਨ। ਦੁਪਹਿਰ ਦੇ ਖਾਣੇ ਸਮੇਂ ਮੈਂ ਜਦੋਂ ਘਰ ਆਇਆ ਤਾਂ ਮੈਨੂੰ ਫ਼ੋਨ ਆਇਆ ਕਿ ਪ੍ਰੈੱਸ (ਭਾਵ ਰੋਜ਼ਾਨਾ ਚੜ੍ਹਦੀਕਲਾ ਦੇ ਦਫ਼ਤਰ) ਤੁਰੰਤ ਆ ਜਾਓ, ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰਨੀ ਹੈ। ਦਫ਼ਤਰ ਤੋਂ ਕੁੱਝ ਦੂਰੀ ’ਤੇ ਮੇਰਾ ਘਰ ਸੀ ਅਤੇ ਮੈਂ ਤੁਰੰਤ ਦਫ਼ਤਰ ਗਿਆ ਅਤੇ ਉਥੋਂ ਮੈਂ ਮਹਿਲਾਂ ’ਚ ਫ਼ੋਨ ਕੀਤਾ। ਮੈਂ ਫ਼ੋਨ ਕੀਤਾ ਅਤੇ ਅੱਗਿਓਂ ਉਥੇ ਵੀ ਮਾਲਵਿੰਦਰ ਸਿੰਘ ਮਾਲੀ (ਕੈਪਟਨ ਅਮਰਿੰਦਰ ਸਿੰਘ ਦੇ ਨਿੱਜੀ ਸਟਾਫ਼ ਵਿਚੋਂ) ਨੇ ਫ਼ੋਨ ਚੁੱਕਿਆ। ਉਸ ਨਾਲ ਰਸਮੀ ਗੱਲਬਾਤ ਤੋਂ ਉਸ ਮਾਲੀ ਨੇ ਮੈਨੂੰ ਕਿਹਾ, “ਆਪਾਂ ਪਹਿਲੀ ਵਾਰ ਗੱਲ ਕਰ ਰਹੇ ਹਾਂ। ਤੁਸੀਂ ਕੈਪਟਨ ਅਮਰਿੰਦਰ ਸਿੰਘ ਨੂੰ ਮਹਾਰਾਜਾ ਸਾਹਿਬ ਕਹਿ ਕੇ ਸੰਬੋਧਨ ਕਰਨਾ।”

ਮੈਂ ਉਸ ਨੂੰ ਕਿਹਾ ਕਿ ਅਮਰਿੰਦਰ ਸਿੰਘ ਸਾਡੇ ਸਾਰਿਆਂ ਦੇ ਸਤਿਕਾਰਤ ਲੀਡਰ ਹਨ। ਜੇਕਰ ਮੈਂ ਕੈਪਟਨ ਸਾਹਿਬ ਕਹਿ ਦਵਾਂ ਤਾਂ ਕੀ ਹਰਜ਼ ਹੈ। ਤਾਂ ਅੱਗਿਓਂ ਉੱਤਰ ਮਿਲਿਆ, “ਜੇਕਰ ਤੁਸੀਂ ਮਹਾਰਾਜਾ ਕਹਿ ਦੇਵੋਗੇ ਤਾਂ ਤੁਹਾਡਾ ਕੀ ਘੱਸ ਜਾਵੇਗਾ।” ਉਸ ਨੇ ਮੇਰੇ ਉੱਤੇ ਇਸ ਗੱਲ ਦਾ ਦਬਾਅ ਪਾਇਆ ਕਿ ਮੈਂ ਕੈਪਟਨ ਸਾਹਿਬ ਨੂੰ ਮਹਾਰਾਜਾ ਸਾਹਿਬ ਕਹਿ ਕੇ ਸੰਬੋਧਨ ਕਰਾਂ। ਖ਼ੈਰ, ਉਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਹੋਈ ਉਨ੍ਹਾਂ ਦਾ ਸੰਬੋਧਨ ਬਹੁਤ ਹੀ ਸ਼ਾਲੀਨਤਾ ਵਾਲਾ ਸੀ ਅਤੇ ਉਨ੍ਹਾਂ ਨੇ ਆਪਣਾ ਬਿਆਨ ਦਰਜ ਕਰਵਾਇਆ ਅਤੇ ਪ੍ਰੋ.ਚੰਦੂਮਾਜਰਾ ਅਤੇ ਅਕਾਲੀ ਦਲ ਨੂੰ ਵਧਾਈ ਦਿੱਤੀ, ਪਰ ਅਕਾਲੀ ਦਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੂਰਾ ਮਾਣ-ਸਤਿਕਾਰ ਨਾ ਦਿੱਤਾ ਅਤੇ ਇਥੋਂ ਤਕ ਕਿ ਵਿਧਾਨ ਸਭਾ ਚੋਣਾਂ ਸਮੇਂ ਟਿੱਕਟ ਵੀ ਨਹੀਂ ਦਿੱਤੀ।

ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਕਸ਼ਮਕਸ਼ ਚੱਲ ਰਹੀ ਸੀ ਕਿ ਆਖਿਰ ਉਹ ਕਿਹੜਾ ਸਿਆਸੀ ਰਾਹ ਲੱਭਣ। ਇਸ ਲਈ ਉਨ੍ਹਾਂ ਨੇ ਪਟਿਆਲਾ ’ਚ ਇੱਕ ਸਿਆਸੀ ਇਕੱਠ ਕੀਤਾ। ਉਸ ’ਚ ਜੰਮੂ-ਕਸ਼ਮੀਰ ਦੇ ਆਗੂ ਫ਼ਾਰੂਖ਼ ਅਬਦੁੱਲਾ ਨੂੰ ਵੀ ਸੱਦਿਆ ਗਿਆ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਪੁੱਜੇ। ਮੈਂ ਵੀ ਮਾਲਵਿੰਦਰ ਸਿੰਘ ਮਾਲੀ ਨਾਲ ਉੱਥੇ ਪਹੁੰਚਿਆ। ਉਸ ਇਕੱਠ ’ਚ ਦੂਜਾ ਮਾਲਵਿੰਦਰ ਸਿੰਘ ਮਾਲੀ ਵੀ ਮੌਜੂਦ ਸੀ। ਜਦੋਂ ਦੋਵੇਂ ਮਾਲੀ ਆਹਮੋ-ਸਾਹਮਣੇ ਹੋਏ ਤਾਂ ਜਥੇਦਾਰ ਟੌਹੜਾ ਵਾਲੇ ਮਾਲੀ ਨੇ ਕੈਪਟਨ ਅਮਰਿੰਦਰ ਸਿੰਘ ਵਾਲੇ ਮਾਲੀ ਨੂੰ ਕਿਹਾ ਕਿ ਭਰਾਵਾ ਤੇਰੇ ਕਾਰਨ ਮੈਂ ਕਈ ਮਹੀਨੇ ਪੁਲੀਸ ਦੀਆਂ ਰੋਟੀਆਂ ਖਾਧੀਆਂ ਨੇ ਅਤੇ ਪੁਲੀਸ ਨੇ ਮੈਨੂੰ ਕਈ ਦਿਨਾਂ ਤਕ ਟੰਗੀ ਰੱਖਿਆ।

ਕਿਉਂ ਟੰਗਿਆ ਸੀ, ਇਸ ਸਬੰਧ ’ਚ ਮਾਲਵਿੰਦਰ ਸਿੰਘ ਨੇ ਆਪਣੀ ਪੋਸਟ ਸਾਂਝੀ ਕੀਤੀ ਹੈ ਕਿ ਕੈਪਟਨ ਵਾਲੇ ਮਾਲੀ ’ਤੇ ਦੋਸ਼ ਸੀ ਕਿ ਉਸ ਕੋਲ ਨਜਾਇਜ਼ ਹਥਿਆਰ ਸਨ, ਪਰ ਪੁਲੀਸ ਨੇ ਉਸ ਮਾਲੀ ਦੀ ਥਾਂ ਇਸ ਮਾਲੀ ਨੂੰ ਚੁੱਕ ਲਿਆ ਸੀ।

**ਉਹ ਪੋਸਟ ਪਾਠਕਾਂ ਦੇ ਪੜ੍ਹਨ ਹਿੱਤ:**

** ਯਾਦਾਂ ਦੇ ਝਰੋਖੇ ’ਚੋ: ਜਦੋਂ ਕੈਪਟਨ ਅਮਰਿੰਦਰ ਸਿੰਘ ਦੇ ਸਿੱਖ ਖਾੜਕੂਆਂ ਨਾਲ ਸੰਬੰਧਾਂ ਕਾਰਨ ਮੈਨੂੰ 391 ਸਟਾਫ਼ ਲੱਡਾ ਕੋਠੀ (ਬਹਾਦਰ ਸਿੰਘ ਵਾਲਾ, ਸੰਗਰੂਰ) ’ਚ ਕੱਚੀ ਫ਼ਾਂਸੀ ’ਤੇ ਲਟਕਾਇਆ। **

** ਗੱਲ 1993 ਦੀ ਹੈ। ਮੈ ਜਲੰਧਰ ’ਚ ਪੰਜਾਬੀ ਟ੍ਰਿਬਿਊਨ ਦਾ ਪੱਤਰਕਾਰ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਵਿਖੇ ਮਾਸਟਰਜ਼ ਔਫ਼ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ’ਚ ਦਾਖ਼ਲ ਹੋਣ ਦੀ ਇੰਟਰਵਿਊ ਦੇਣ ਲਈ ਮੈਂ ਆਪਣੇ ਪਿੰਡ ਸਕਰੌਦੀ ਆਇਆ ਹੋਇਆ ਸੀ। ਉਸ ਵੇਲੇ ਮੇਰੇ ਖ਼ਿਲਾਫ਼ ਮਨੁੱਖੀ ਹੱਕਾਂ ਲਈ ਜਸਟਿਸ ਬੈਂਸ ਦੀ ਅਗਵਾਈ ’ਚ ਜਾਂਚ ਪੜਤਾਲਾਂ ’ਚ ਮੋਹਰੀ ਰੋਲ ਨਿਭਾਉਣ ਕਰ ਕੇ ਕੇਸ ਦਰਜ ਸਨ ਪਰ ਮੈਨੂੰ ਅਦਾਲਤ ਤੋਂ ਅਗਾਓਂ ਜ਼ਮਾਨਤ ਮਿਲੀ ਹੋਈ ਸੀ। **

** ਮੇਰੇ ਪਿੰਡ ਦੇ ਸਰਪੰਚ ਬਲਦੇਵ ਸਿੰਘ ਬਿੱਟੂ ਗਰੇਵਾਲ ਦੇ ਪਿਤਾ ਮਾਸਟਰ ਨਿਰਭੈ ਸਿੰਘ ਦੀ ਸਿੱਖਿਆ ਵਿਭਾਗ ’ਚ ਬਦਲੀ ਦੇ ਸੰਬੰਧ ’ਚ ਲੁਧਿਆਣਾ ਤੋਂ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਸਤਿਬੀਰ ਸਿੰਘ ਰਾਹੀ ਅਸੀਂ ਲੁਧਿਆਣਾ ਸਿੱਖਿਆ ਮੰਤਰੀ ਹਰਨਾਮ ਦਾਸ ਜੌਹਰ ਨੂੰ ਮਿਲਣ ਲਈ ਬੱਸ ਰਾਹੀਂ ਜਾ ਰਹੇ ਸੀ ਕਿ ਕਿ ਮੇਰੇ ਪਿੰਡ ਨੇੜਲੇ ਘੁਮੰਡ ਸਿੰਘ ਵਾਲਾ ਦੇ ਪੁਲਿਸ ਕੈਟ ਬਣੇ ਮੁੰਡੇ ਦੀ ਮੁਖ਼ਬਰੀ ’ਤੇ ਮੈਨੂੰ ਮਲੇਰਕੋਟਲਾ ਤੋਂ ਐਨ ਪਹਿਲਾਂ ਥਾਣੇ ਅੱਗੇ ਬੱਸ ਰੋਕ ਕੇ ਸੁਖਦੇਵ ਸਿੰਘ ਬਰਾੜ, ਜੋ ਬਾਅਦ ’ਚ ਬਾਦਲ ਸਰਕਾਰ ਵੇਲੇ ਬਾਦਲ ਸਾਹਿਬ ਦਾ ਸੁਰੱਖਿਆ ਇਨਚਾਰਜ ਵੀ ਰਿਹਾ, ਨੇ ਹਿਰਾਸਤ ’ਚ ਲੈ ਲਿਆ। **

** ਸੰਖੇਪ ਵਿੱਚ, ਲੋਹਟਬੱਦੀ ਪੁਲੀਸ ਚੌਕੀ ’ਚ ਸਾਰਾ ਦਿਨ ਰੱਖਣ ਤੋਂ ਬਾਅਦ ਮੈਨੂੰ ਰਾਤ ਨੂੰ ਲੱਡਾ ਕੋਠੀ ਲਿਆਂਦਾ ਗਿਆ। ਲੋਹਟਬੱਧੀ ਵਾਲਾ ਚੌਕੀ ਇਨਚਾਰਜ ਰੌਲਾ ਪਾਉਂਦਾ ਰਿਹਾ ਕਿ ਸਾਡੇ ਗਲ ’ਚ ਤਾਂ ਪਹਿਲਾਂ ਹੀ ਪੱਤਰਕਾਰ ਰਾਮ ਸਿੰਘ ਬਿਲਿੰਗ ਨੂੰ ਮਾਰਨ ਵਾਲਾ ਸੱਪ ਪਿਆ ਹੋਇਆ ਹੈ ਆਹ ਤੁਸੀਂ ਇੱਕ ਹੋਰ ਪੱਤਰਕਾਰ ਨੂੰ ਮਾਰਨ ਲਈ ਸਾਡੇ ਗਲ ਹੀ ਕਿਉਂ ਮੜ੍ਹ ਰਹੇ ਹੋ ? **

** ਅਸਲ ਮੁੱਦੇ ’ਤੇ ਆਈਏ। ਲੱਡਾ ਕੋਠੀ ਆਉਣ ਸਾਰ ਮੈਨੂੰ ਅਲਫ਼ ਨੰਗਾ ਕਰ ਦਿੱਤਾ, ਮੇਰੇ ਵਲੋਂ ਕੱਪੜੇ ਨਾ ਉਤਾਰਨ ਕਾਰਨ ਤਰਲੋਚਨ ਸਿੰਘ ASI (ਜੋ ਲੌਂਡੇ ਦੇ ਨਾਮ ਨਾਲ ਮਸ਼ਹੂਰ ਸੀ) ਨੇ ਮੇਰੀ ਘਸੁੰਨ ਪਰੇਡ ਵੀ ਕੀਤੀ ਅਤੇ ਮੈਨੂੰ ਕੱਚੀ ਫ਼ਾਂਸੀ ’ਤੇ ਲਟਕਾ ਦਿੱਤਾ। ਮੇਰੀ ਪੁੱਛ ਗਿੱਛ SP ਦਰਬੰਗਾ ਅਤੇ DSP ਗੁਰਦੀਪ ਸਿੰਘ ਪੰਨੂ (ਜੋ ਖਿਡਾਰੀ ਹੋਣ ਕਰ ਕੇ ਮੁਕਾਬਲਤਨ ਚੰਗੇ ਅਫ਼ਸਰ ਵਜੋਂ ਜਾਣਿਆ ਜਾਂਦਾ ਸੀ) ਕਰ ਰਹੇ ਸਨ। **

** ਮੈਨੂੰ ਪਹਿਲਾ ਸੁਆਲ ਸੀ ਤੂੰ ਨੀਲਾ ਮਹਿਲ ’ਚ ਗੁਰਜੰਟ ਸਿੰਘ ਰਾਜਸਥਾਨੀ ਨੂੰ ਬੁਲਾ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਾਇਆ ਅਤੇ ਉਸ ਨੂੰ ਦੋ ਸਪ੍ਰਿੰਗ ਫ਼ੀਲਡ ਰਾਇਫ਼ਲਾਂ ਦਿੱਤੀਆਂ। ਦੂਜਾ ਸੁਆਲ ਸੀ ਤੂੰ ਬਾਲਦ ਕਲਾਂ ਵਾਲੇ ਖਾੜਕੂ ਖੇਮ ਸਿੰਘ ਅਤੇ ਰਾਜ ਸਿੰਘ (ਦੋਵੇਂ ਭਰਾ, ਜੋ ਬਾਅਦ ’ਚ ਪੁਲਿਸ ਮੁਕਾਬਲੇ ’ਚ ਮਾਰ ਦਿੱਤੇ ਗਏ ਸਨ, ਹੁਣ ਮੇਰੇ ਦਿਮਾਗ਼ ’ਚ ਕੈਪਟਨ ਦਾ ਉਹ ਬਿਆਨ ਵੀ ਰੜਕ ਰਿਹਾ ਹੈ ਜਿਸ ’ਚ ਉਸ ਨੇ ਪੰਜਾਬ ਪੁਲੀਸ ਉੱਪਰ ਦੋਸ਼ ਲਾਇਆ ਸੀ ਕਿ ਉਸ ਨੇ ਦਰਜਨਾਂ ਸਿੱਖ ਮੁੰਡੇ ਪੁਲੀਸ ਕੋਲ ਪੇਸ਼ ਕਰਵਾਏ ਸਨ, ਪਰ ਉਹ ਸਾਰੇ ਹੀ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਮਾਰ ਮੁਕਾ ਦਿੱਤੇ ਗਏ) ਨੂੰ ਕੈਪਟਨ ਅਮਰਿੰਦਰ ਸਿੰਘ ਦੇ ਗੰਨ ਮੈਨ ਬਣਾਇਆ। **

** ਮੈਂ ਉਸ ਵੇਲੇ ਤਕ ਕੈਪਟਨ ਦਾ ਨੀਲਾ ਮਹਿਲ ਬਾਹਰੋਂ ਵੀ ਨਹੀਂ ਸੀ ਦੇਖਿਆ। ਖੇਮ ਸਿੰਘ ਨੂੰ ਮੈ ਚੰਗੀ ਤਰਾਂ ਜਾਣਦਾ ਸੀ, ਪਰ ਜਦੋਂ ਤੋਂ ਉਹ ਸਿੱਖ ਖਾੜਕੂਆਂ ’ਚ ਸ਼ਾਮਿਲ ਹੋਇਆ ਮੈਂ ਉਸਨੂੰ ਕਦੇ ਮਿਲਿਆ ਜਾਂ ਦੇਖਿਆ ਨਹੀਂ ਸੀ। ਪਰ ਕੱਚੀ ਫ਼ਾਂਸੀ, ਜੋ ਮੇਰਾ ਮਾਸ ਨੋਚ ਰਹੀ ਸੀ, ਤੋਂ ਖਹਿੜਾ ਛੁਡਾਉਣ ਲਈ ਮੈਂ ਝੂਠ ਕਿਹਾ ਕਿ ਮੇਰੇ ਕੋਲ ਹਥਿਆਰ ਹਨ ਅਤੇ ਮੈਂ ਉਹ ਦੇ ਦਿੰਦਾ ਹਾਂ ਅਤੇ ਮੈਨੂੰ ਕੱਚੀ ਫ਼ਾਂਸੀ ਤੋਂ ਲਾਹ ਲਿਆ। **

** ਮੇਰੇ ਦੋਵੇਂ ਮੋਢੇ ਨਿਕਲ ਗਏ ਸਨ ਅਤੇ ਤਰਲੋਚਨ ਨੇ ਮੈਨੂੰ ਕੰਧ ਨਾਲ ਖੜ੍ਹਾ ਕਰ ਕੇ ਆਪਣੀ ਤਕਨੀਕ ਨਾਲ ਧੱਫੇ ਮਾਰ ਕੇ ਮੇਰੇ ਮੋਢੇ ਮੁੜ ਅੰਦਰ ਕਰ ਦਿੱਤੇ, ਚੜ੍ਹਾ ਦਿੱਤੇ। **

** ਅਚਾਨਕ ਉਸੇ ਵੇਲੇ 391 ਇਨਚਾਰਜ ਲਾਲ ਸਿੰਘ ਇੱਕ ਫ਼ਾਈਲ ਲੈ ਕੇ ਤੇਜ਼ੀ ਨਾਲ ਅੱਗੇ ਆਇਆ ਅਤੇ ਬੋਲਿਆ, “ਸਰ ਇਹ ਫ਼ਾਈਲ ਜਿਸ ਅੰਦਰ ਦਰਜ ਰਿਪੋਰਟਾਂ ਦੇ ਅਧਾਰ ’ਤੇ ਮੇਰੀ ਪੁੱਛ ਗਿੱਛ ਹੋ ਰਹੀ ਸੀ, ਕੈਪਟਨ ਸਾਹਿਬ ਦੇ PA ਮਾਲਵਿੰਦਰ ਸਿੰਘ ਮਾਲੀ ਖੁਰਦ ਵਾਲੇ ਦੀ ਹੈ, ਇਸ ਸਕਰੌਦੀ ਵਾਲੇ ਮਾਲਵਿੰਦਰ ਸਿੰਘ ਮਾਲੀ ਦੀ ਫ਼ਾਈਲ ਤਾਂ ਆਹ ਹੈ। **

** ਯਕਲਖ਼ਤ ਖ਼ਾਮੋਸ਼ੀ ਛਾ ਗਈ ਅਤੇ ਦੋਵੇਂ ਅਫ਼ਸਰ ਫ਼ਾਈਲ ਪੜ੍ਹਨ ਤੋਂ ਬਾਅਦ ਬੋਲੇ ਕਿ ਤੂੰ ਅੱਜ ਕੱਲ੍ਹ ਕਿੱਥੇ ਰਹਿੰਦੈਂ ਅਤੇ ਕੀ ਕਰਦੈਂ ? ਮੈ ਕਿਹਾ ਮੈ ਜਲੰਧਰ ਹਾਊਸ ਨੰਬਰ 44 ਵਿਜੇ ਨਗਰ, ਨੇੜੇ ਫ਼ੁੱਟਬਾਲ ਚੌਕ ਰਹਿੰਦਾ ਹਾਂ ਅਤੇ ਪੰਜਾਬੀ ਟ੍ਰਿਬਿਊਨ ਦਾ ਪੱਤਰਕਾਰ ਹਾਂ। ਕਹਿੰਦੇ ਕੀ ਸਬੂਤ ਹੈ ? ਮੈਂ ਕਿਹਾ ਮੇਰਾ ਸਰਕਾਰੀ ਪਹਿਚਾਣ ਪੱਤਰ ਮਲੇਰਕੋਟਲਾ ਪੁਲੀਸ ਕੋਲ ਹੈ ਅਤੇ ਅੱਜ ਦੇ ਪੰਜਾਬੀ ਟ੍ਰਿਬਿਊਨ ’ਚ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ’ਚ ਸ਼ੀਤਲ ਦਾਸ ਯਾਦਗਾਰੀ ਸਮਾਰੋਹ ਸੰਬੰਧੀ ਫ਼ੀਚਰ ਮੇਰੇ ਨਾਮ ’ਤੇ ਛਪਿਆ ਹੈ। ਪੰਨੂ ਕਹਿੰਦਾ, “ਹਾਂ ਛਪਿਆ ਤਾਂ ਹੈ ਪਰ ਤੇਰੇ ਨਾਮ ’ਤੇ, ਇਹ ਨਹੀਂ ਯਾਦ। ਉਏ ਮੁੰਡਿਆ ਲਿਆ ਅੱਜ ਵਾਲਾ ਅਖ਼ਬਾਰ। ਅਖ਼ਬਾਰ ਆ ਗਿਆ ਅਤੇ ਉਹਨਾਂ ਪੜ੍ਹਿਆ, ਉੱਠ ਕੇ ਖੜ੍ਹੇ ਹੋ ਗਏ। ਪੰਨੂ ਨੇ ਕਿਹਾ ਮੁੰਡਿਓ ਖ਼ਿਆਲ ਰੱਖਿਓ ਅਤੇ ਮਾੜਾ ਮੋਟਾ ਛਾਤੀ ਤੇ ਮੋਢਿਆਂ ਨੂੰ ਦੱਬ ਦੁੱਬ ਕੇ ਸੈੱਟ ਕਰ ਦਿਓ।”**

** ਗਰਮੀ ਅਤੇ ਹੁਮਸ ਸੀ, ਮੈਨੂੰ ਨਿਰਮਲ ਸਿੰਘ ਮੁਨਸ਼ੀ ਨੇ ਆਪਣੇ ਕਮਰੇ ’ਚ ਲੱਕੜ ਦੇ ਸ਼ਿਕੰਜੇ ’ਚ ਮੇਰੇ ਦੋਵੇਂ ਪੈਰ ਗਿੱਟਿਆਂ ਕੋਲੋਂ ਫ਼ਸਾ ਕੇ ਪੱਖੇ ਹੇਠ ਲਿਟਾ ਦਿੱਤਾ ਅਤੇ ਕਿਹਾ ਪੱਤਰਕਾਰ ਸਾਹਿਬ ਤੁਹਾਨੂੰ 1 ਕਲਾਸ ਹਵਾਲਾਤ ਦਿੱਤੀ ਹੈ ਪਰ ਸਿਕੰਜਾ ਤਾਂ ਸਾਨੂੰ ਲਾਉਣਾ ਹੀ ਪੈਣਾ। ਯਕਲਖ਼ਤ ਮਹੌਲ ਖ਼ੁਸ਼ਗਵਾਰ ਹੋ ਗਿਆ, ਕਹਿਣ ਲੱਗੇ ਪੱਤਰਕਾਰ ਭੁਲੇਖੇ ’ਚ ਹੀ ਰਗੜਿਆ ਗਿਆ, ਤੇਰੀ ਜਾਨ ਬਚ ਗਈ, ਛੱਡ ਦੇਣਗੇ ਹੁਣ ਤੈਨੂੰ। **

** ਪਰ ਅੱਗੇ ਕੀ ਹੋਇਆ, ਉਹ ਵੀ ਘੱਟ ਦਿਲਚਸਪ ਨਹੀਂ। ਗਿਆਰਾਂ ਕੁ ਵਜੇ ਉੱਥੇ ਬੁੱਚੜ ਵਜੋਂ ਜਾਣਿਆ ਜਾਂਦਾ ਪੁਲਸੀਆ ਆਇਆ ਅਤੇ ਗਾਲ੍ਹਾਂ ਦੀ ਬੁਛਾੜ ਸ਼ੁਰੂ ਕਰ ਦਿੱਤੀ ... ਤੂੰ ਤਾਂ ਪੰਥਕ ਕਮੇਟੀ ਦਾ ਮੈਂਬਰ ਹੈ, ਸਾਡੇ ਪੁਲਸੀਆਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਕਾਤਲ ਹੈਂ, ਗੰਦੀਆਂ ਗਾਲ੍ਹਾਂ ਜਾਰੀ ਰਹੀਆਂ ... ਤੂੰ ਤਾਂ ਦਿਮਾਗ਼ ਹੈਂ ਕੁੱਤਿਆਂ ਦਾ ...ਹੁਣ ਚੰਡੀਗੜ੍ਹ ਤੋਂ ਟੀਮ ਆ ਰਹੀ ਹੈ ਜਿਹੜੀ ਤੈਨੂੰ ਸਿਖਾਊ ਅਸਲ ਪੱਤਰਕਾਰੀ ... ਗਾਲ੍ਹ..ਸਾਨੂੰ ਤਾਂ ਤੂੰ ਕੱਲ੍ਹ ਬਣਾ ਗਿਆ ਸੀ ਫ਼ੁੱਦੂ। ... **

** ਹਾਲੇ ਐਨਾ ਹੀ ....**

**ਮਾਲਵਿੰਦਰ ਸਿੰਘ ਮਾਲੀ ਦੀ ਫ਼ੇਸਬੁੱਕ ਤੋਂ ਚੁੱਕਿਆ।**

ਉਸ ਤੋਂ ਬਾਅਦ ਆਖਿਰ ਉਹ ਕਾਂਗਰਸ ’ਚ ਸ਼ਾਮਿਲ ਹੋ ਗਏ। ਦਿਲਚਸਪ ਗੱਲ ਇਹ ਹੈ ਕਿ 1998 ’ਚ ਫ਼ਿਰ ਤੋਂ ਲੋਕ ਸਭਾ ਚੋਣਾਂ ਹੋਈਆਂ ਅਤੇ ਕੈਪਟਨ ਅਮਰਿੰਦਰ ਸਿੰਘ ਪਟਿਆਲਾ ਲੋਕ ਸਭਾ ਹਲਕੇ ਤੋਂ ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਤੋਂ ਤਕਰੀਬਨ 33 ਹਜ਼ਾਰ ਵੋਟਾਂ ਨਾਲ ਹਾਰ ਗਏ ਸਨ। ਕੈਪਟਨ ਅਮਰਿੰਦਰ ਸਿੰਘ ਅਕਾਲੀ ਦਲ ਤੋਂ ਅਲੱਗ ਹੋ ਗਏ ਅਤੇ ਕਾਂਗਰਸੀ ਲੀਡਰ ਬਣ ਗਏ ਅਤੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਜੋ ਮੁੱਖ ਮੰਤਰੀ ਵੀ ਸਨ ਅਤੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿਚਾਲੇ ਵੀ ਦਰਾੜ ਪੈਦਾ ਹੋ ਗਈ ਅਤੇ ਇਹ ਧੜਾ ਵੀ ਅਕਾਲੀ ਦਲ ਨਾਲੋਂ ਵੱਖ ਹੋ ਗਿਆ।

ਖ਼ੈਰ, ਗੱਲ ਮਾਲੀ ਬਨਾਮ ਮਾਲੀ ਦੀ ਸੀ। ਇਹ ਬਾਕੀ ਵੇਰਵੇ ਸੰਦਰਭ ਜੋੜਨ ਲਈ ਦਿੱਤੇ ਗਏ ਹਨ। ਦਿਲਚਸਪ ਗੱਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਸਕੇ ਭਰਾ ਦਾ ਨਾਮ ਵੀ ਮਾਲਵਿੰਦਰ ਸਿੰਘ ਹੈ।